


# ਗੁਰਮੀਤ ਕੜਿਆਲਵੀ
## ਦਾ ਕਥਾ-ਬੋਧ

ਸੰਪਾਦਕ

ਪਰਮਪਾਲ ਸਿੰਘ ਬਾਦਲ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Criticism/Punjabi literary studies*

ISBN : 978-93-5068-975-2

**Gurmeet Karyalvi Da Katha Bodh**

*Edited by*

**Parmpal Singh Badal S/o Roop Singh**
V.P.O. Badal, Teh. Malout
Distt. Sri Muktsar Sahib-152113 (Punjab)
Mobile No. 98158-95184
Email: parmpal_badal83@rediffmail.com

2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2015*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book*

# ਤਤਕਰਾ


- ਸੰਪਾਦਕੀ / ਪਰਮਪਾਲ ਸਿੰਘ ਬਾਦਲ 9
- ਸਿਸਟਮ ਦੇ ਖਿਲਾਫ਼ ਮੁਹਿੰਮ ਛੇੜਦਾ ਕਹਾਣੀ-ਸੰਗ੍ਰਹਿ 'ਢਾਲ਼' 13
  *—ਡਾ. ਜਸਵਿੰਦਰ ਕੌਰ ਬਿੰਦਰਾ*
- 'ਢਾਲ਼' ਕਹਾਣੀ-ਸੰਗ੍ਰਹਿ: ਸਮਾਜਿਕ ਸਰੋਕਾਰ 20
  *—ਡਾ. ਦਰਿਆ*
- ਮਨੁੱਖੀ ਅੰਤਰਮੁਖੀ ਤੇ ਬਾਹਰਮੁਖੀ ਯੁੱਧ ਦਾ ਬਿਰਤਾਂਤ: 'ਢਾਲ਼' 26
  *—ਡਾ. ਸੰਤੋਖ ਸਿੰਘ*
- ਅਤ੍ਰਿਪਤ ਜਜ਼ਬਿਆਂ ਦੀ ਪੇਸ਼ਕਾਰੀ: 'ਢਾਲ਼' 35
  *—ਡਾ. ਸੁਖਰਾਜ ਸਿੰਘ*
- 'ਢਾਲ਼' ਕਹਾਣੀ-ਸੰਗ੍ਰਹਿ ਦੀਆਂ ਭਾਸ਼ਾਈ ਵੰਨਗੀਆਂ 39
  *—ਡਾ. ਵੀਰਪਾਲ ਕੌਰ*
- ਸਮਾਜਕ ਯਥਾਰਥ ਦੀਆਂ ਪਰਤਾਂ ਖੋਲ੍ਹਦਾ ਕਹਾਣੀ-ਸੰਗ੍ਰਹਿ:'ਢਾਲ਼' 45
  *—ਮਨਦੀਪ ਕੌਰ*
- ਮਾਨਵੀ ਰਿਸ਼ਤਿਆਂ ਦਾ ਸੂਖ਼ਮ ਬਿਰਤਾਂਤ: 'ਅੱਕ ਦਾ ਬੂਟਾ' 52
  *—ਡਾ. ਪਰਗਟ ਸਿੰਘ*
- ਥੁੜੇ-ਟੁੱਟੇ ਲੋਕਾਂ ਦੀ ਹੋਂਦ ਤੇ ਹੋਣੀ ਦਾ ਕਥਾ-ਸੰਗ੍ਰਹਿ: 'ਊਣੇ' 58
  *—ਹਰਜਿੰਦਰ ਸਿੰਘ ਰਾਮਨਗਰ*
- 'ਆਤੂ ਖੋਜੀ' ਕਹਾਣੀ-ਸੰਗ੍ਰਹਿ ਇਕ ਅਧਿਐਨ 69
  *—ਡਾ. ਕਰਮਜੀਤ ਕੌਰ*
- 'ਆਤੂ ਖੋਜੀ' ਕਹਾਣੀ-ਸੰਗ੍ਰਹਿ ਦੇ ਸਰੋਕਾਰ 72
  *—ਸੰਦੀਪ ਸਿੰਘ*
- ਗੁਰਮੀਤ ਕੜਿਆਲਵੀ ਦੀ ਕਥਾ-ਸੰਵੇਦਨਾ ਦੇ ਵਿਭਿੰਨ ਪਾਸਾਰ 80
  *—ਡਾ. ਮਿਨਾਕਸ਼ੀ ਰਾਠੌਰ*
- ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਵਿਚ ਪੀੜ੍ਹੀ-ਪਾੜਾ 90
  *—ਗੁਰਪ੍ਰੀਤ ਸਿੰਘ*

# ਥੁੜ੍ਹੇ-ਟੁੱਟੇ ਲੋਕਾਂ ਦੀ ਹੋਂਦ ਤੇ ਹੋਣੀ ਦਾ ਕਥਾ-ਸੰਗ੍ਰਹਿ: 'ਊਣੇ'

ਹਰਜਿੰਦਰ ਸਿੰਘ
ਰਾਮਨਗਰ
ਰਿਸਰਚ ਸਕਾਲਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

'ਊਣੇ' ਨਵੀਂ ਪੰਜਾਬੀ ਕਹਾਣੀ ਜਗਤ ਦੇ ਸਮਰੱਥ ਕਥਾਕਾਰ ਗੁਰਮੀਤ ਕੜਿਆਲਵੀ ਦਾ ਗੌਲਣਯੋਗ ਕਥਾ-ਸੰਗ੍ਰਹਿ ਹੈ। ਇਸ ਕਥਾ-ਸਗ੍ਰਹਿ ਦੇ ਸਿਰਲੇਖ ਊਣੇ ਤੋਂ ਹੀ ਇਹ ਸੂਹ ਮਿਲ ਜਾਂਦੀ ਹੈ ਕਿ ਇਸ ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਕਿਸੇ ਨਾ ਕਿਸੇ ਪੱਖੋਂ ਊਣੇ ਰਹਿ ਗਏ ਲੋਕਾਂ ਦੇ ਜੀਵਨ-ਯਥਾਰਥ ਦਾ ਗਲਪੀ ਰੁਪਾਂਤਰਣ ਹੋਣਗੀਆਂ। ਇਹ ਹੈ ਵੀ ਸੱਚ। ਇਸੇ ਕਰਕੇ ਹੀ ਮੈਂ ਇਸ ਸੰਗ੍ਰਹਿ ਪੁਸਤਕ ਨੂੰ ਥੁੜ੍ਹੇ-ਟੁੱਟੇ ਲੋਕਾਂ ਦੀ ਹੋਂਦ ਤੇ ਹੋਣੀ ਦਾ ਕਥਾ-ਸੰਗ੍ਰਹਿ ਕਿਹਾ ਹੈ ਕਿਉਂਕਿ ਇਸ ਵਿਚਲੀਆਂ ਸਾਰੀਆਂ ਕਹਾਣੀਆਂ ਦੇ ਪ੍ਰਮੁੱਖ ਪਾਤਰ ਕਿਸੇ ਨਾ ਕਿਸੇ ਪਾਸਿਓਂ ਥੁੜ੍ਹੇ-ਟੁੱਟੇ ਹੋਏ ਹਨ। ਇਨ੍ਹਾਂ ਥੁੜ੍ਹਾਂ-ਟੁੱਟਾਂ ਕਾਰਨ ਹੀ ਉਹ ਮਾਨਸਿਕ ਤੇ ਸਰੀਰਕ ਕਸ਼ਟਾਂ ਨੂੰ ਭੋਗਦੇ ਹਨ। ਇਨ੍ਹਾਂ ਕਸ਼ਟਾਂ ਦੀ ਨਵ੍ਰਿਤੀ ਲਈ ਉਹ ਸੰਘਰਸ਼ ਕਰਦੇ ਹਨ। ਹਾਰਦੇ ਹਨ। ਫਿਰ ਜਿੱਤਣ ਲਈ ਸੰਘਰਸ਼ ਕਰਦੇ ਹਨ। ਇਨ੍ਹਾਂ ਸੰਘਰਸ਼ਾਂ ਵਿਚ ਪਏ ਲੋਕਾਂ ਦੀ ਕਸ਼ਮਕਸ਼ ਦਾ ਹੀ ਕਹਾਣੀਕਾਰ ਹੈ ਗੁਰਮੀਤ ਕੜਿਆਲਵੀ। ਡਾ. ਰਜਨੀਸ਼ ਬਹਾਦਰ ਅਨੁਸਾਰ "ਗੁਰਮੀਤ ਦੀਆਂ ਕਹਾਣੀਆਂ ਉਸ ਦੇ ਵਾਸਤਵਿਕ ਜੀਵਨ ਵਿਚੋਂ ਉਪਜੀਆਂ ਕਲਾਤਮਕ ਪੁੱਠ ਦਿੱਤੀਆਂ ਕਿਰਤਾਂ ਹਨ। ....ਉਸ ਦੀਆਂ ਕਹਾਣੀਆਂ ਵਿਚੋਂ ਲੋਕ ਮਨ ਦੀ ਪੀੜਾ ਪੂਰੀ ਸ਼ਿੱਦਤ ਨਾਲ ਉਭਰਦੀ ਹੈ। ਇਹ ਆਰਥਿਕ ਨਾ ਬਰਾਬਰੀ, ਸਮਾਜਿਕ ਪਾੜੇ ਤੇ ਬੇਇਨਸਾਫੀ ਵਿਚੋਂ ਉਭਰਦੀ ਹੈ।"[1] ਇਹ ਲੋਕ-ਪੀੜ ਹੀ ਹੈ ਜੋ ਕੜਿਆਲਵੀ ਦੀਆਂ ਕਹਾਣੀਆਂ ਦਾ ਵਿਵੇਕ ਬਣ ਕੇ ਉਭਰਦੀ ਹੈ। ਇਹ ਪੀੜ ਇਸ ਕਥਾ-ਸੰਗ੍ਰਹਿ ਦੇ ਹਰ ਪਾਤਰ ਦੇ ਜੀਵਨ ਯਥਾਰਥ ਵਿਚਲੀਆਂ ਥੁੜ੍ਹਾਂ-ਟੁੱਟਾਂ ਵਿਚ ਨਿਹਿਤ ਹੈ। ਇਹ ਥੁੜ੍ਹਾਂ-ਟੁੱਟਾਂ ਕਿਉਂ ਇਨ੍ਹਾਂ ਦੇ ਜੀਵਨ ਦਾ ਹਿੱਸਾ ਬਣ ਗਈਆਂ? ਇਹ ਕਿਉਂ ਇਨ੍ਹਾਂ ਦਾ ਖਹਿੜਾ ਨਹੀਂ ਛਡਦੀਆਂ? ਇਨ੍ਹਾਂ ਥੁੜ੍ਹਾਂ-ਟੁੱਟਾਂ ਨੂੰ ਕਿਸ ਨੇ ਇਨ੍ਹਾਂ ਲੋਕਾਂ ਦੀ ਹੋਂਦ ਤੇ ਹੋਣੀ ਬਣਾ ਦਿੱਤਾ? ਇਨ੍ਹਾਂ ਸਭ ਸਵਾਲਾਂ ਦੇ ਜਵਾਬ ਇਸ ਕਥਾ-ਸੰਗ੍ਰਹਿ ਵਿਚਲੀਆਂ ਕਥਾਵਾਂ ਦੀਆਂ ਬਿਰਤਾਂਤਕ ਪਰਤਾਂ ਵਿਚ ਨਿਹਿਤ ਹਨ ਜੋ ਤਲਾਸ਼ੇ ਜਾਣ ਦੀ ਮੰਗ ਕਰਦੇ ਹਨ। ਹਥਲੇ ਮਜ਼ਮੂਨ ਵਿਚ ਮੈਂ ਇਨ੍ਹਾਂ ਪਰਤਾਂ ਨੂੰ ਹੀ ਫਰੋਲਣ ਦਾ ਜਤਨ ਕਰ ਰਿਹਾ ਹਾਂ।

'ਊਣੇ' ਕਥਾ-ਸੰਗ੍ਰਹਿ ਵਿਚ ਪਹਿਲਾ ਵਰਗ ਉਹਨਾਂ ਪਾਤਰਾਂ ਦਾ ਬਣਦਾ ਹੈ ਜਿਹੜੇ ਭਾਰਤ ਵਿਚਲੀਆਂ ਜਾਤ-ਪਾਤੀ ਵੰਡੀਆਂ ਕਾਰਨ ਸਮਾਜਕ ਤੇ ਆਰਥਿਕ ਤੌਰ 'ਤੇ ਊਣੇ ਰਹਿ ਗਏ ਹਨ। ਇਹ ਊਣਾਪਣ ਹੀ ਇਨ੍ਹਾਂ ਪਾਤਰਾਂ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਦਾ ਵਾਹਣ ਬਣਦਾ ਹੈ। ਇਸ ਊਣੇਪਣ ਨੂੰ ਸੰਪੂਰਨ ਕਰਨ ਲਈ ਉਹ ਸੰਘਰਸ਼-ਕਰਦੇ ਹਨ। ਪਰ ਸੱਤਾ 'ਤੇ ਕਾਬਜ ਲੋਕ-ਵਿਰੋਧੀ ਸ਼ਕਤੀਆਂ ਨੇ ਸਥਿਤੀਆਂ ਸਾਜਗਾਰ ਨਹੀਂ ਰਹਿਣ

ਦਿੱਤੀਆਂ। ਇਹਨਾਂ ਕਹਾਣੀਆਂ ਦੇ ਪਾਤਰਾਂ ਦੁਆਰਾ ਸਮਾਜਕ ਤੇ ਆਰਥਿਕ ਬਰਾਬਰੀ ਲਈ ਕੀਤੇ ਸੰਘਰਸ਼ ਨੂੰ ਇਤਿਹਾਸਕ-ਵਿਕਾਸ ਪ੍ਰਕਿਰਿਆ ਵਿਚ ਪਾ ਕੇ ਸਮਝ-ਸਮਝਾਉਣ ਦਾ ਜਤਨ ਕਰਦੇ ਹਾਂ। 'ਹਵਾ ਵਿਚ ਲਟਕਦੀ ਜ਼ਿੰਦਗੀ' ਕਹਾਣੀ ਦਾ ਪਾਤਰ ਜੰਗ ਸਿੰਘ ਪੰਜਾਬ ਡ੍ਰੇਨ ਵਿਭਾਗ ਵਿਚ ਕੱਚੇ ਕਾਮੇ (ਬੇਲਦਾਰ) ਵਜੋਂ ਕੰਮ ਕਰਦਾ ਹੈ। ਜੇ.ਈ. ਨੇ ਉਸ ਨਾਲ ਦੇ ਦੋ ਪੱਕੇ ਬੇਲਦਾਰਾਂ ਨੂੰ ਆਪਣੇ ਘਰ ਦੇ ਕੰਮ 'ਤੇ ਲਾਇਆ ਹੋਇਆ ਹੈ। ਜੰਗ ਸਿੰਘ ਤਿੰਨ ਬੰਦਿਆਂ ਦਾ ਕੰਮ ਹੀ ਇਕੱਲਾ ਨਹੀਂ ਸਭਾਂਲਦਾ ਸਗੋਂ ਅਫਸਰਾਂ ਦੀਆਂ ਹੋਰ ਵਗਾਰਾਂ ਵੀ ਪੂਰੀਆਂ ਕਰਦਾ ਹੈ ਤਾਂ ਕਿ ਖੁਸ਼ ਹੋ ਕੇ ਅਫ਼ਸਰ ਉਸ ਨੂੰ ਪੱਕਾ ਕਰ ਦੇਣਗੇ ਤੇ ਉਸ ਦੀ ਗ਼ਰੀਬੀ/ਕੰਗਾਲੀ ਕੱਟੀ ਜਾਵੇਗੀ। ਉਹ ਆਪਣੇ ਮੁੰਡੇ ਟਹਿਲੇ ਨੂੰ ਵੀ ਦਸ ਜਮਾਤਾਂ ਪੜ੍ਹਾ ਕੇ ਤੇ ਅਫ਼ਸਰਾਂ ਦੀ ਮਿਨਤ-ਤਰਲਾ ਕਰਕੇ ਇਸ ਵਿਭਾਗ ਵਿਚ ਨੌਕਰੀ 'ਤੇ ਲਵਾ ਲੈਣ ਦੀ ਵੀ ਭ੍ਰਾਂਤੀ ਪਾਲਦਾ ਹੈ:

> "ਲੇਬਰ ਵਿਚਲੇ ਅਲੂਏ ਜਿਹੇ ਮੁੰਡੇ ਵੱਲ ਵੇਖ ਕੇ ਜੰਗੇ ਦੇ ਸੰਘੋਂ ਹਾਉਕਾ ਜਿਹਾ ਨਿਕਲ ਹਵਾ ਵਿਚ ਰਲ ਗਿਆ। ਉਸ ਦਾ ਆਪਣਾ ਮੁੰਡਾ ਟਹਿਲਾ ਉਸਦੀਆਂ ਅੱਖਾਂ ਅੱਗੇ ਆ ਖੜੋਤਾ। ਜੰਗ ਸਿਆਂ, ਔਲਾਦ ਖਾਤਰ ਬੰਦਾ ਕੀ ਤੇ ਕੀ ਨੀਂ ਕਰਦਾ। ਮੈਂ ਤਾਂ ਟਹਿਲੇ ਖਾਤਰ ਈ ਭੱਠ ਝੋਕ ਰਿਹਾਂ। ਅਫਸਰਾਂ ਦੀਆਂ ਬੁੱਤੀਆਂ ਕਰੀ ਦੀਆਂ ਦਿਨ-ਰਾਤ। ਸੋਚੀਦਾ ਦਸ ਕਰ ਜੇ। ਕਿਸੇ ਸੜੇ ਸਤੇ ਅਫ਼ਸਰ ਦੇ ਪੈਰੀਂ ਪੈ ਕੇ ਮਹਿਕਮੇ 'ਚ 'ਡਜੱਸਟ ਕਰਾਂਲਾਂਗੇ। ਕਿਧਰੇ ਵਰਕ ਮੁਨਸ਼ੀ ਲਵਾਤਾ ਜਾਂ ਗੇਜ ਰੀਡਰ ਹੀ ਭਰਤੀ ਕਰਾਤਾ, ਮੌਜਾਂ ਕਰੂ ਸਾਰੀ ਉਮਰ। ਦਿਹਾੜੀਆਂ ਕਰਨ ਤੋਂ ਬਚ ਜੂ। ਨਹੀਂ ਦਿਹਾੜੀ ਆਲੇ ਤਾਂ ਮੇਰੇ ਸਾਲੇ ਸਾਰੀ ਦਿਹਾੜੀ 'ਚ ਰੱਤ ਚੂਸ ਲੈਂਦੇ। ਟੈਮ ਈ ਕੋਈ ਨੀ, ਕੰਮ ਦਾ। ਸਵੇਰ ਤੋਂ ਰਾਤ ਤੱਕ, ਲੈ ਓਏ ਲੰਡਿਆ, ਦੇ ਓਏ ਮੀਣਿਆ। ਨਾਲੇ ਉਲਟਾ ਮਸ਼ਕਰੀਆਂ ਕਰਨਗੇ। ਫੇਰ ਵੀ ਕਹਿਣਗੇ, ਕੰਮ ਨੀ ਕਰਦਾ ਜੀਅ ਲਾ ਕੇ। ਵਈ ਹੋਰ ਥੋਡੀ...।" (ਉਣੇ, ਪੰਨਾ-53)

ਇਉਂ ਜੰਗ ਸਿੰਘ ਸੋਚਦਾ ਹੈ ਕਿ ਉਹ ਹਰ ਸੰਭਵ ਜਤਨ ਕਰਕੇ ਆਪਣੇ ਪੁੱਤਰ ਨੂੰ ਪੜ੍ਹਾ ਕੇ ਖੇਤ-ਮਜ਼ਦੂਰੀ ਦੇ ਔਖੇ ਕੰਮ ਅਤੇ ਜਾਤ-ਪਾਤੀ ਜ਼ਲੀਲਤਾ ਤੋਂ ਛੁਟਕਾਰਾ ਦਵਾ ਦੇਵੇਗਾ। ਪਰ ਅਜਿਹਾ ਹੁੰਦਾ ਨਹੀਂ। ਜੇ. ਈ. ਜੰਗ ਸਿੰਘ ਨੂੰ ਕੰਮ ਤੋਂ ਹਟਾ ਕੇ ਉਸ ਦੀ ਜਗ੍ਹਾ ਤੇ ਕਿਸੇ ਹੋਰ ਆਪਣੇ ਜਾਣੂ ਨੂੰ ਰੱਖ ਲੈਂਦਾ ਹੈ। ਖੁੱਸੇ ਰੁਜ਼ਗਾਰ ਅਤੇ ਟੁੱਟੀਆਂ ਭਵਿੱਖੀ ਆਸਾਂ ਕਾਰਨ ਜੰਗ ਸਿੰਘ ਦੀ ਸਥਿਤੀ ਹਵਾ ਵਿਚ ਲਟਕ ਰਹੇ ਮਨੁੱਖ ਵਰਗੀ ਹੋ ਜਾਂਦੀ ਹੈ। ਕਹਾਣੀ ਇਹ ਅਰਥ ਸੰਚਾਰ ਕਰਦੀ ਹੈ ਕਿ ਭਾਰਤ/ਪੰਜਾਬ ਵਿਚ ਜਾਤੀ ਪਾਤੀ ਵਿਤਕਰੇ ਅਤੇ ਭ੍ਰਿਸ਼ਟਾਚਾਰ ਆਰਥਿਕ ਪੱਖੋਂ ਊਣੇ ਦਲਿਤ ਵਰਗ ਦੇ ਬੁੜ੍ਹਾਂ ਮਾਰੇ ਜਵੀਨ ਲਈ ਅਤਿ-ਦੁਖਾਂਤਿਕ ਸਥਿਤੀਆਂ ਪੈਦਾ ਕਰਦੇ ਹਨ। ਸਮਾਜਿਕ ਵਿਤਕਰੇ ਅਤੇ ਆਰਥਿਕ ਤੰਗੀਆਂ ਵਿਚ ਗ੍ਰੱਸੇ ਦਲਿਤ ਪਰਿਵਾਰ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਕਿਸੇ ਸਰਕਾਰੀ ਨੌਕਰੀ 'ਤੇ ਲਵਾ ਦੇਣ ਵਿਚ ਹੀ ਆਪਣੀ ਗ਼ਰੀਬੀ/ਕੰਗਾਲੀ ਦਾ ਬਦਲ ਤਲਾਸ਼ਦੇ ਹਨ ਪਰ ਇਹ ਛੇਤੀ ਕੀਤਿਆਂ ਸੰਭਵ ਨਹੀਂ। ਜੰਗ ਸਿੰਘ ਵਾਂਗ ਹੀ 'ਨਮੋਲ਼ੀਆਂ' ਕਹਾਣੀ ਵਿਚਲਾ ਦਲਿਤ ਪਰਿਵਾਰ ਵੀ ਆਪਣੇ ਪੁੱਤਰ 'ਪਾਲ' ਦੇ ਪੜ੍ਹ ਜਾਣ ਉਪਰੰਤ ਕਿਸੇ ਵੱਡੇ ਆਹੁਦੇ 'ਤੇ ਲੱਗਣ ਵਿਚ ਆਪਣੀ ਗ਼ਰੀਬੀ ਤੋਂ ਛੁਟਕਾਰੇ ਨੂੰ ਚਿਤਵਦਾ ਹੈ। ਪਾਲ ਦੀ ਮਾਂ ਆਪਣੀ ਗੁਆਂਢਣ ਨੂੰ ਆਖਦੀ ਹੈ:

> "ਭੈਣੇ ਆਪਣਾ ਪਾਲ ਪਾਸ ਹੋਇਆ। ਮਾਸਟਰ ਕਹਿੰਦੇ ਅਖੇ ਪਟੜੀ ਫੇਰ ਦੇ

ਸਕੂਲਾਂ 'ਚੋਂ ਪਹਿਲੇ ਲੰਬਰ 'ਤੇ ਆਇਆ। ਏਹਦੇ 'ਤੇ ਈ ਆਸਾਂ। ਖੌਰੇ ਰੱਬ ਸਾਡੇ ਹੱਥੋਂ ਰੰਬਾ-ਪੱਲੀ ਤੇ ਮੇਰੇ ਸਿਰ ਤੋਂ ਗੋਹੇ ਆਲਾ ਟੋਕਰਾ ਛੁਡਾ ਈ ਦੇਵੇ। ਮਾਸਟਰ ਕਹਿੰਦੇ ਕਿਸੇ ਵੱਡੇ 'ਹੁੱਦੇ 'ਤੇ ਲੱਗੂ, ਏਹਦਾ ਡਮਾਕ ਬਹੁਤ ਤੇਜ਼ ਆ। ਭਾਈ ਗ਼ਰੀਬੀ ਆਲੀ ਬਿਮਾਰੀ ਫੇਰ ਈ ਖਹਿੜਾ ਛੱਡੂ ਸਾਡਾ।" (ਉਹੀ, ਪੰਨਾ-12)

ਪਰ ਸਥਿੱਤੀ ਦੀ ਵਿਡੰਬਣਾ ਇਹ ਹੈ ਕਿ ਪਾਲ ਆਪਣੀ ਸਖ਼ਤ ਮਿਹਨਤ ਤੇ ਆਪਣੇ ਅਧਿਆਪਕ ਦੀ ਹੱਲਾਸ਼ੇਰੀ ਅਤੇ ਮਾਪਿਆਂ ਦੇ ਜਤਨਾਂ ਸਦਕਾ ਉਚ-ਯੋਗਤਾ ਤਾਂ ਹਾਸਲ ਕਰ ਲੈਂਦਾ ਹੈ ਪਰ ਕਿਸੇ ਸਰਕਾਰੀ ਵੱਡੇ ਆਹੁਦੇ 'ਤੇ ਤਾਂ ਕੀ ਛੋਟੇ 'ਤੇ ਵੀ ਨਹੀਂ ਲੱਗ ਸਕਿਆ, ਸਗੋਂ ਇਕ ਵਰਕਸ਼ਾਪ 'ਤੇ ਮਜ਼ਦੂਰ ਵਜੋਂ ਕੰਮ ਕਰਦਾ ਹੈ। ਜਿਹੜੀ ਗ਼ਰੀਬੀ ਦੀ ਬਿਮਾਰੀ ਨੂੰ ਪਾਲ ਤੇ ਉਸ ਦਾ ਪਰਿਵਾਰ ਜੜ੍ਹੋਂ ਖ਼ਤਮ ਕਰਨ ਦਾ ਸੁਪਨਾ ਸਿਰਜਦੇ ਹਨ; ਉਹ ਸਗੋਂ ਹੋਰ ਵਿਕਰਾਲ ਰੂਪ ਧਾਰ ਲੈਂਦੀ ਹੈ। ਇਹੋ ਜਿਹੀਆਂ ਵਿਕਰਾਲ ਸਥਿਤੀਆਂ ਦੀ ਗ੍ਰਿਫ਼ਤ ਵਿਚ ਆਈ **'ਈਜਵਾ ਤੂੰ ਦੌੜੀ ਚਲ...'** ਕਹਾਣੀ ਦੀ ਪਾਤਰ ਫਿਲਪ ਈਜਵਾ ਹੈ। ਈਜਵਾ ਗ਼ਰੀਬ ਦਲਿਤ ਪਰਿਵਾਰ ਵਿਚ ਪੈਦਾ ਹੋਣ ਕਰਕੇ ਅਤੇ ਦੂਸਰਾ ਇਕ ਲੜਕੀ ਹੋਣ ਕਰਕੇ ਸਮਾਜਕ ਜਲਾਲਤ ਤੇ ਅਮਾਨਵੀ ਵਿਹਾਰ ਦੀ ਦੂਹਰੀ ਮਾਰ ਝਲਦੀ ਹੈ। ਈਜਵਾ ਦੇ ਗ਼ਰੀਬੀ ਕਾਰਨ ਪਿੰਜਰ ਹੋਏ ਪਿਤਾ ਨੂੰ ਪਿੰਡ ਦਾ ਆਖੌਤੀ ਉਚ-ਜਾਤੀ ਮੁਖੀਆ ਇਸ ਕਰਕੇ ਕੁੱਟ-ਕੁੱਟ ਮਰਨ ਵਾਲਾ ਕਰ ਦਿੰਦਾ ਹੈ ਕਿ ਉਸ ਨੇ ਪਿੰਡ ਦੇ ਸਾਂਝੇ ਤਲਾਬ ਚੋਂ ਪਾਣੀ ਭਰ ਲਿਆ ਸੀ। ਈਜਵਾ ਦੀ ਮਾਂ ਨੂੰ ਸਰਦਾਰਾਂ ਦੇ ਕਾਕੇ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ ਕਰਦੇ ਹਨ। ਈਜਵਾ ਨੂੰ ਭੱਦੀਆਂ ਟਿੱਪਣੀਆਂ ਕਰਕੇ ਅਮੀਰਾਂ ਦੇ ਕਾਕੇ ਹੀ ਨਹੀਂ ਚਿੜਾਉਂਦੇ ਸਗੋਂ ਆਖੌਤੀ ਉੱਚ ਜਾਤੀ ਦੇ ਅਧਿਆਪਕ ਵੀ ਉਸ ਦੀ ਪਿੱਠ ਪਿੱਛੇ ਭੱਦੀ ਸ਼ਬਦਾਵਲੀ ਬੋਲਦੇ ਹਨ। ਈਜਵਾ ਇਸ ਸਭ ਕੁਝ ਤੋਂ ਦੁਖੀ ਤਾਂ ਹੁੰਦੀ ਹੈ ਪਰ ਉਹ ਆਪਣੇ ਨਿਸ਼ਾਨੇ ਵਲ ਵਧਦੀ ਜਾਂਦੀ ਹੈ। ਈਜਵਾ ਆਪਣੇ ਨਿਗਰਾਨ ਅਧਿਆਪਕ ਦੀ ਹੱਲਾਸ਼ੇਰੀ ਅਤੇ ਮਾਪਿਆਂ ਦੇ ਜਤਨਾਂ ਕਾਰਨ ਵਿਸ਼ਵ ਦੀ ਮਹਾਨ ਦੌੜਾਕ ਬਣਦੀ ਹੈ। ਉਹ ਭਾਰਤ ਦੀ ਸ਼ਾਨ ਲਈ ਦੌੜਦੀ ਹੈ ਤੇ ਅਨੇਕ ਮੈਡਲ ਤੇ ਮਾਨ-ਸਨਮਾਨ ਭਾਰਤੀ ਲੋਕਾਂ ਦੀ ਝੋਲੀ ਪਾਉਂਦੀ ਹੈ। ਪਰ ਨੀਵੀਂ ਜਾਤੀ ਦੀ ਤੇ ਗ਼ਰੀਬ ਹੋਣ ਕਰਕੇ ਭਾਰਤ ਸਰਕਾਰ ਦੇ ਲੀਡਰ ਤੇ ਅਧਿਕਾਰੀ ਆਪਣੀ ਨਫ਼ਰਤ ਵਸ ਉਸ ਦੀਆਂ ਉਪਲਬਧੀਆਂ ਦੇ ਬਦਲੇ ਕੋਈ ਸਰਕਾਰੀ ਨੌਕਰੀ ਜਾਂ ਹੋਰ ਸਹਾਇਤਾ ਨਹੀਂ ਦਿੰਦੇ ਜਿਸ ਨਾਲ ਉਹ ਆਪਣੀ ਵਿਧਵਾ ਮਾਂ ਤੇ ਘਰ ਨੂੰ ਸਾਂਭ ਸਕੇ। ਈਜਵਾ 15 ਸਾਲਾਂ ਤੋਂ ਲਗਾਤਾਰ ਦੇਸ਼ ਲਈ ਦੌੜਦੀ ਆ ਰਹੀ ਹੈ। ਮਲੇਸ਼ੀਆਈ ਦੌੜਾਕ ਜਦੋਂ ਈਜਵਾ ਨੂੰ ਪੁੱਛਦੀ ਹੈ ਕਿ ਉਹ ਕਿਉਂ ਐਨੀ ਉਮਰ ਵਿਚ ਵੀ ਦੌੜ ਰਹੀ ਹੈ ਤਾਂ ਈਜਵਾ ਆਖਦੀ ਹੈ "ਆਪਣੇ ਤਿਰੰਗੇ ਦੀ ਸ਼ਾਨ ਲਈ।" (ਉਹੀ, ਪੰਨਾ-86) ਅਸਲ ਵਿਚ ਈਜਵਾ ਕਹਿਣਾ ਚਾਹੁੰਦੀ ਸੀ ਕਿ:

> "ਮੇਰੇ ਦੇਸ਼ ਦੇ ਅਧਿਕਾਰੀਆਂ ਨੂੰ ਤਿਰੰਗੇ ਦੀ ਸ਼ਾਨ ਦੀ ਕੋਈ ਫਿਕਰ ਨਹੀਂ, ਜਿਸ ਦੀ ਸ਼ਾਨ ਲਈ ਉਹ ਟਰੈਕ 'ਤੇ ਖ਼ੂਨ ਪਸੀਨਾ ਵਹਾਉਂਦੀ ਹੈ। ਅਧਿਕਾਰੀ ਤਾਂ ਪੈਸੇ ਪਿੱਛੇ ਦੌੜਦੇ ਨੇ। ਮਾਇਆ ਇਕੱਠੀ ਕਰਨ ਲਈ ਆਪਸ ਵਿਚ ਕੁੱਕੜਖੋਹੀ ਕਰਦੇ ਨੇ। ਖੇਡਾਂ ਦੇ ਨਾਂ ਤੇ ਵਿਦੇਸ਼ਾਂ ਦੇ ਦੌਰੇ ਕਰਦੇ ਹਨ। ਵਿਦੇਸ਼ਾਂ ਤੋਂ ਬੈਗ ਭਰ-ਭਰ ਮਹਿੰਗੀਆਂ ਚੀਜਾਂ ਲਿਜਾ ਲਿਜਾ ਸਮਗਲਿੰਗ ਕਰਦੇ ਨੇ। ਟੂਰ ਪਾਉਂਦੇ ਨੇ ਤੇ ਬੱਸ। ਨਵੀਆਂ ਪ੍ਰਤਿਭਾਵਾਂ ਦੀ ਤਲਾਸ਼ ਕਰਨ ਵੱਲ ਉਹਨਾਂ ਦਾ ਕੋਈ ਧਿਆਨ ਨਹੀਂ।" (ਉਹੀ, ਪੰਨਾ-87)

ਇਉਂ ਗੁਰਮੀਤ ਕੜਿਆਲਵੀ ਆਪਣੀਆਂ ਕਹਾਣੀਆਂ ਵਿਚ ਜੰਗ ਸਿੰਘ, ਪਾਲ ਅਤੇ ਈਜਵਾ ਜਿਹੇ ਪਾਤਰ ਸਿਰਜ ਕੇ ਦਲਿਤ ਵਰਗ ਵੱਲੋਂ ਅਤਿ ਦੀ ਗ਼ਰੀਬੀ ਅਤੇ ਜਾਤੀ-ਪਾਤੀ ਜਲਾਲਤ ਵਿਚੋਂ ਉਭਰਨ ਦੇ ਜਨਤਾਂ ਦੀ ਵਿਕਾਸ ਪ੍ਰਕਿਰਿਆ ਦਰਸਾਉਂਦਾ ਹੈ। ਇਹ ਪਾਤਰ ਧਰਤੀ ਤੋਂ ਉੱਠ ਕੇ ਆਕਾਸ਼ ਵਿਚ ਉਡਣ ਲਈ ਸੰਘਰਸ਼ਸ਼ੀਲ ਹਨ ਪਰ ਸਮੇਂ ਦੇ ਹਾਕਮਾਂ ਅਤੇ ਅਖੌਤੀ ਸਵਰਨ ਵਰਗ ਨੇ ਹਮੇਸ਼ ਇਨ੍ਹਾਂ ਦੇ ਸੰਘਰਸ਼ ਨੂੰ ਖੁੰਡਾ ਕਰਨ ਦੇ ਜਤਨ ਕੀਤੇ ਹਨ। ਭਾਰਤ ਦੇ ਅਰਧ-ਜੰਗੀਰੂ ਸਮਾਜ ਵਿਚ ਜਾਤੀ-ਪਾਤੀ ਵਿਤਕਰੇ ਅਤੇ ਆਰਥਿਕ ਥੁੜਾਂ-ਟੁੱਟਾ ਕਾਰਨ ਦਲਿਤ ਵਰਗ ਕਸ਼ਟ ਭੋਗਦਾ ਹੈ ਤੇ ਭੋਗ ਰਿਹਾ ਹੈ। ਇਨ੍ਹਾਂ ਪਾਤਰਾਂ ਦਾ ਦੁਖਾਂਤ ਇਹ ਹੈ ਕਿ ਇਹ ਜਾਤੀ-ਪਾਤੀ ਵੰਡੀਆਂ ਅਤੇ ਗ਼ਰੀਬੀ ਕਾਰਨ ਬਚਪਨ ਵਿਚ ਜੀਵਨ ਦੇ ਹਰ ਪੱਧਰ 'ਤੇ ਜਲੀਲ ਹੁੰਦੇ ਤੇ ਕਸ਼ਟ ਭੋਗਦੇ ਹਨ। ਇਨ੍ਹਾਂ ਕਸ਼ਟਾਂ ਤੇ ਜ਼ਲੀਲਤਾ ਤੋਂ ਛੁਟਕਾਰਾ ਪਾਉਣ ਲਈ ਸੰਘਰਸ਼ ਕਰਦੇ ਹਨ ਪਰ ਇਹ ਖਹਿੜਾ ਨਹੀਂ ਛਡਦੇ। ਇਸੇ ਲਈ ਕੜਿਆਲਵੀ ਦੀਆਂ ਕਹਾਣੀਆਂ ਦੇ ਇਹ ਪਾਤਰ ਵਰਤਮਾਨ ਵਿਚ ਖੜ੍ਹੇ ਭੂਤਕਾਲ ਵਿਚ ਕੀਤੇ ਸੰਘਰਸ਼ਾਂ ਤੇ ਸਹੇ ਕਸ਼ਟਾਂ ਨੂੰ ਬਿਆਨ ਕਰ ਰਹੇ ਹਨ। ਜ਼ਿੰਦਗੀ ਦੀ ਬੇਹਤਰੀ ਲਈ ਕੀਤੇ ਜਤਨਾਂ ਦੇ ਬਾਵਜੂਦ ਭਾਰਤੀ ਆਖੌਤੀ ਲੋਕਤੰਤਰ ਦੇ ਭ੍ਰਿਸ਼ਟ ਪ੍ਰਬੰਧ ਅਤੇ ਕਾਣੀ ਆਰਥਿਕ ਵੰਡ ਕਾਰਨ ਉਹ ਕਸ਼ਟ, ਥੁੜਾਂ, ਟੁੱਟਾਂ ਵਰਤਮਾਨ ਸਮੇਂ ਵਿਚ ਵੀ ਇਨ੍ਹਾਂ ਪਾਤਰਾਂ ਨੂੰ ਦਰਪੇਸ਼ ਹਨ। ਨਾ ਉਹ ਭੂਤਕਾਲ ਵਿਚ ਸੁਖੀ ਸਨ, ਨਾ ਵਰਤਮਾਨ ਵਿਚ, ਭਵਿੱਖ ਦਾ ਪਤਾ ਨਹੀਂ। ਇਹੀ ਇਨ੍ਹਾਂ ਥੁੜਾਂ-ਟੁੱਟਾਂ ਮਾਰੇ ਪਾਤਰਾਂ ਦੀ ਜ਼ਿੰਦਗੀ ਦਾ ਕਰੂਰ ਯਥਾਰਥ ਹੈ ਪਰ ਆਸ ਬਾਕੀ ਹੈ। ਸੰਘਰਸ਼ਾਂ ਦੇ ਬਾਵਜੂਦ ਇਨ੍ਹਾਂ ਦੇ ਮੂਲ ਜੀਵਨ ਵਿਚ ਕੋਈ ਸੁਧਾਰ ਨਹੀਂ ਆਇਆ। ਉਹ ਸੰਕਟਾਂ ਚੋਂ ਨਿਕਲਣ ਲਈ ਜਤਨ ਕਰਦੇ ਹਨ ਪਰ ਸੰਕਟ ਅੱਜ ਵੀ ਦਰਪੇਸ਼ ਹਨ।

ਦਲਿਤ ਵਰਗ ਦੇ ਪੜ੍ਹੇ-ਲਿਖੇ ਨੌਜਵਾਨ ਆਪਣੀ ਸਮਾਜਿਕ-ਸੱਭਿਆਚਾਰਕ ਅਤੇ ਆਰਥਿਕ ਬਰਾਬਰੀ ਨੂੰ ਰਾਜਨੀਤਿਕ ਸੱਤਾ 'ਤੇ ਕਾਬਿਜ ਹੋਣ ਵਿਚ ਮਿੱਥਦੇ ਹਨ। ਵਿੱਦਿਆ ਗ੍ਰਹਿਣ ਕਰਨ ਨਾਲ ਦਲਿਤ ਵਰਗ ਵਿਚ ਆਈ ਚੇਤਨਾ ਹੀ ਉਹਨਾਂ ਨੂੰ ਸਿਆਸੀ ਹਿੱਸੇਦਾਰੀ ਪ੍ਰਤੀ ਚੇਤੰਨ ਕਰਦੀ ਹੈ ਤੇ ਇਸੇ ਵਿਚ ਹੀ ਉਹਨਾਂ ਨੂੰ ਆਪਣੀ ਮੁਕਤੀ ਦਾ ਰਾਹ ਦਿੱਸਦਾ ਹੈ। ਇਸੇ ਚੇਤਨਾ ਨਾਲ ਪ੍ਰਨਾਏ ਹੋਏ ਦਲਿਤ ਪਾਤਰ 'ਆਫ਼ਤ' ਕਹਾਣੀ ਵਿਚ ਆਪਣੇ ਪਿੰਡ ਦੀ ਸਰਪੰਚੀ ਦੀ ਚੋਣ ਲੜਦੇ ਹਨ। ਉਹ ਆਪਣੇ ਦਲਿਤ ਭਾਈਚਾਰੇ ਵਿਚੋਂ ਸਾਬਕਾ ਫੌਜੀ ਨੂੰ ਸਰਪੰਚੀ ਦੀ ਚੋਣ ਲੜਾਉਂਦੇ ਹਨ ਤੇ ਸਾਰੇ ਭਾਈਚਾਰੇ ਨੂੰ ਇਕੱਠਾ ਕਰਕੇ ਇਹ ਚੋਣ ਜਿੱਤਣਾ ਚਾਹੁੰਦੇ ਹਨ। ਇਹ ਸੰਭਵ ਵੀ ਨਜ਼ਰ ਆਉਂਦਾ ਹੈ ਕਿਉਂਕਿ ਪੰਜਾਬ ਦੇ ਲਗਭਗ ਸਾਰੇ ਪਿੰਡਾਂ ਵਾਂਗ ਉਹਨਾਂ ਦੇ ਪਿੰਡ ਵਿਚ ਵੀ ਦਲਿਤਾਂ ਦੀ ਵੋਟ ਅੱਸੀ ਫੀਸਦੀ ਹੈ। ਪਹਿਲਾਂ ਹਰ ਵਾਰ ਸਰਪੰਚੀ ਦੀ ਚੋਣ ਵੇਲੇ ਪਿੰਡ ਆਖੌਤੀ ਉਚ-ਜਾਤੀ ਜੱਟਾਂ ਦੇ ਦੋ ਧੜਿਆਂ ਵਿਚ ਵੰਡਿਆ ਰਿਹਾ ਸੀ ਪਰ ਇਸ ਵਾਰ ਦਲਿਤਾਂ ਦਾ ਤੀਜਾ ਧੜਾ ਵੀ ਚੋਣ ਲੜਦਾ ਹੈ। ਪਿੰਡ ਦੇ ਆਖੌਤੀ ਉਚ-ਜਾਤੀ ਜੱਟ ਦਲਿਤਾਂ ਵਿਚ ਆਈ ਰਾਜਸੀ ਚੇਤਨਾ ਕਾਰਨ ਬਣੇ ਤੀਜੇ ਧੜੇ ਨੂੰ ਪਿੰਡ 'ਤੇ ਆਈ 'ਆਫ਼ਤ' ਆਖਦੇ ਹਨ। ਜੱਟਾਂ ਦੇ ਦੋਵੇਂ ਧੜੇ ਜਿਹੜੇ ਹਮੇਸ਼ਾ ਇਕ ਦੂਜੇ ਦੇ ਵਿਰੋਧੀ ਰਹੇ ਸਨ ਉਹ ਇਕੱਠੇ ਹੋ ਕੇ ਹਰ ਹੱਥ ਕੰਡਾ ਵਰਤ ਕੇ ਦਲਿਤਾਂ ਨੂੰ ਹਰਾਉਣਾ ਚਾਹੁੰਦੇ ਹਨ। ਇਹੀ ਦੱਬੇ-ਕੁਚਲੇ ਲੋਕਾਂ ਨੂੰ ਸਦੀਆਂ ਤੋਂ ਗੁਲਾਮ ਬਣਾਈ ਰੱਖਣ

ਦਾ ਪੈਂਤੜਾ ਹੈ। ਇਸ ਪਰਿਪੇਖ ਵਿਚ ਕਹਾਣੀ ਦੇ ਇਹ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ:

- "ਸੰਤਾਂ ਸਿਆਂ ਜੱਟ ਖੜਗੇ ਦੋ ਫੇਰ ਪੁੱਛੇ ਤਿੰਨ, ਚੌਥੀ ਖੜਗੀ ਇਹ ਜਾਤ। ਪਿੰਡ 'ਚ ਅੱਧੀ ਵੋਟ ਹੋਊ ਇਹਨਾਂ ਦੀ।"
- "ਸਾਰੀਆਂ ਨਿੱਕੀਆਂ ਸੁੱਕੀਆਂ ਜਾਤਾਂ-ਕੁਜਾਤਾਂ ਰਲਾ ਕੇ ਤਾਂ ਤਿੰਨ ਹਿੱਸੇ ਹੋਣਗੇ ਪਿੰਡ 'ਚ।" ਸੰਤੇ ਦੇ ਚਿਹਰੇ 'ਤੇ ਫਿਕਰ ਦੀਆਂ ਰੇਖਾਵਾਂ ਹੋਰ ਗੂੜ੍ਹੀਆਂ ਹੋ ਗਈਆਂ ਸਨ।
- "ਬੇਖ ਲੀਂ, ਜੱਟਾਂ ਦੀਆਂ ਬੋਟਾਂ ਪਾਟ ਜਾਣੀਆਂ ਤੇ ਐਤਕੀਂ ਇਹਨਾਂ ਨੇ ਬਾਜ਼ੀ ਮਾਰ ਲੈਣੀ।"
- "ਜੇ ਇਹ ਸਰਪੰਚ ਬਣਗੇ, ਜਮ੍ਹਾ ਹੀ ਹੱਤਕ ਹੋਜੂ।"
- "ਮਖਾਂ ਉੱਕਾ ਈ ਖੇਹ ਹੋਜੂ। ਜੱਟ ਜ਼ਿਮੀਦਾਰ ਨੂੰ ਠਾਣੇ ਦਰਬਾਰੇ ਸੌ ਕੰਮ, ਧੰਦਾ। ਫੇਰ ਲੋੜ ਵੇਲੇ ਇਹਨਾਂ ਦੀ ਪੈਂਦੀਏ ਬੈਠਿਆਂ ਕਰਾਂਗੇ।"
- "ਆਪਣੇ ਵੱਲੋਂ ਜਿਹੜਾ ਮਰਜ਼ੀ ਬਣਜੇ; ਇਹ ਕੁਜਾਤ ਨ੍ਹੀ ਬਨਣੀ ਚਾਹੀਦੀ।" (ਉਹੀ, ਪੰਨਾ-36)

ਪਿੰਡ ਦੇ ਦਲਿਤ ਵਰਗ ਪ੍ਰਤੀ ਜੱਟਾਂ ਦੀ ਜਾਤ-ਪਾਤੀ ਸੋਚ ਤੇ ਸਿਆਸੀ ਕੂਟਨੀਤੀਆਂ ਦੀ ਬਦੌਲਤ ਦਲਿਤਾਂ ਦੇ ਏਕੇ ਨੂੰ ਤੋੜ ਕੇ ਆਪ ਏਕਾ ਕਰਕੇ ਓਹਨਾਂ ਨੂੰ ਸਰਪੰਚੀ ਦੀ ਚੋਣ ਹਰਾ ਦਿੱਤੀ ਜਾਂਦੀ ਹੈ। ਅਨਪੜ੍ਹ ਦਲਿਤਾਂ ਵਿਚ ਰਾਜਸੀ ਚੇਤਨਾ ਦੀ ਘਾਟ, ਆਰਥਿਕ ਥੁੜਾਂ, ਨਸ਼ੇ ਦੀ ਆਦਤ ਤੇ ਹੋਰ ਗਰਜ਼ਾਂ ਉਨ੍ਹਾਂ ਦੀ ਹਾਰ ਦਾ ਕਾਰਨ ਬਣਦੇ ਹਨ। ਦਲਿਤਾਂ ਦੀ ਹਾਰ ਤੇ ਆਪਣੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਜੱਟ ਪਾਤਰ ਦਰਸ਼ਨ ਮਿੰਬਰ ਕੀਲੇ ਨੂੰ ਇਹ ਸ਼ਬਦ ਉਦੋਂ ਆਖਦਾ ਹੈ ਜਦੋਂ ਉਹਨਾਂ ਦੇ ਹਮੇਸ਼ਾ ਵਿਰੋਧੀ ਰਹੇ ਸਰਦਾਰ ਪ੍ਰੀਤਮ ਸਿੰਘ ਦੇ ਸਰਪੰਚ ਬਣ ਜਾਣ 'ਤੇ ਕੀਲਾ ਔਖ ਮਹਿਸੂਸ ਕਰਦਾ ਹੈ:

> "ਜਾਣਦੇ ਉਏ ਕੀਲਿਆ। ਨਾ ਜੇ ਇਹ ਕੁਜਾਤ ਬਣ ਜਾਂਦੀ, ਕਰਨੀਆਂ ਪੈਂਦੀਆਂ ਨਾ ਬੁੱਤੀਆਂ ਕੁਜਾਤ ਦੀਆਂ। ਸੌਹਰੀ ਦਿਆ ਏਹ ਤਾਂ ਕੋਈ ਆਫ਼ਤ ਆਈ ਸੀ ਪਿੰਡ 'ਤੇ, ਜਿਹੜੀ ਟਲਗੀ।" (ਉਹੀ, ਪੰਨਾ-50)

ਇਉਂ ਭਾਰਤ ਦੇ ਅਰਧ-ਜਗੀਰੂ ਸਮਾਜ ਦੀਆਂ ਆਖੌਤੀ ਸਵਰਨ ਜਾਤੀਆਂ ਦਲਿਤਾਂ ਵਿਚ ਆ ਰਹੀ ਚੇਤਨਾ ਨੂੰ ਕਿਸੇ 'ਆਫ਼ਤ' ਤੋਂ ਘੱਟ ਨਹੀਂ ਸਮਝਦੀਆਂ ਤੇ ਇਸ ਚੇਤਨਾ ਨੂੰ ਖੁੰਡਾ ਕਰਨ ਲਈ ਹਰ ਹਰਬਾ ਵਰਤਦੀਆਂ ਹਨ। ਆਪਣੇ ਇਸੇ ਸਿਆਸੀ ਪੈਂਤੜੇ ਤਹਿਤ ਹੀ ਇਹ ਉਚ ਜਾਤੀਆਂ ਨੀਵੀਆਂ ਜਾਤੀਆਂ ਦੇ ਵਿਰੁੱਧ ਸੰਗਠਿਤ ਹੁੰਦੀਆਂ ਹਨ ਅਤੇ ਇਕ ਹੀ ਜਾਤੀ ਨੂੰ ਉਸੇ ਦੀ ਉਪ-ਜਾਤੀ ਦੇ ਵਿਰੁੱਧ ਖੜ੍ਹਾ ਕਰ ਦਿੰਦੀਆਂ ਹਨ। ਇਹ ਜਾਤੀਵਾਦੀ ਸਿਆਸਤ ਹੈ। ਬ੍ਰਾਹਮਣਵਾਦ ਮਾਨਵਤਾਵਾਦੀ-ਲੋਕਤੰਤਰਿਕ ਮਖੌਟਾ ਲਾ ਕੇ ਵੀ ਆਪਣੇ ਚਰਿੱਤਰ ਨੂੰ ਛੁਪਾ ਨਹੀਂ ਸਕਿਆ ਕਿਉਂਕਿ ਵਰਣ-ਵਿਵਸਥਾ ਅਤੇ ਜਾਤੀਵਾਦ ਬ੍ਰਾਹਮਣਵਾਦ ਦਾ ਮੁੱਖ ਆਧਾਰ ਹੈ ਜਿਸ ਨੇ ਆਧੁਨਿਕ ਸਮਾਜ ਵਿਚ ਲੋਕਤੰਤਰਿਕ ਪ੍ਰਕਿਰਿਆ ਨੂੰ ਵੀ ਆਪਣੇ ਜਾਤੀਵਾਦੀ ਚਰਿੱਤਰ ਨਾਲ ਪ੍ਰਦੂਸ਼ਿਤ ਕਰ ਦਿੱਤਾ ਹੈ। ਅਜੇ ਵੀ ਉਹ ਪੇਂਡੂ ਸਮਾਜ ਦਾ ਮਜ਼ਬੂਤ ਆਧਾਰ ਬਣੀ ਹੋਈ ਹੈ ਤੇ ਇਸ ਨੂੰ ਆਖੌਤੀ 'ਪੰਚਾਇਤੀ ਰਾਜ' ਦੁਆਰਾ ਹੋਰ ਵੀ

ਮਜ਼ਬੂਤ ਕੀਤਾ ਜਾ ਰਿਹਾ ਹੈ। ਵਰਤਮਾਨ ਪੰਚਾਇਤੀ ਰਾਜ ਦਾ ਲੋਕਤੰਤਰਿਕ ਸਰੂਪ ਜਾਤੀਵਾਦੀ ਹੀ ਹੈ। ਲੋਕਤੰਤਰ ਅੱਜ ਵੀ ਸਵਰਣ ਸਮਾਜ ਦੇ ਹੱਥਾਂ ਵਿਚ ਦਲਿਤਾਂ ਦੇ ਸ਼ੋਸ਼ਣ ਅਤੇ ਅਤਿਆਚਾਰਾਂ ਦਾ ਇਕ ਹਥਿਆਰ ਬਣਿਆ ਹੋਇਆ ਹੈ। ਆਫ਼ਤ ਕਹਾਣੀ ਵਿਚਲੇ ਪਾਤਰ ਵੀ ਆਰਥਿਕ ਥੁੜਾਂ-ਟੁੱਟਾਂ ਅਤੇ ਰਾਜਸੀ ਚੇਤਨਾ ਦੀ ਊਣਤਾ ਕਾਰਨ ਹੀ ਹਾਸ਼ੀਏ 'ਤੇ ਧੱਕੇ ਜਾਂਦੇ ਹਨ ਤੇ ਸੰਕਟ ਭੋਗਣ ਲਈ ਮਜਬੂਰ ਹੁੰਦੇ ਹਨ।

ਆਖੌਤੀ ਸਵਰਨ ਜਾਤੀਆਂ ਵਾਲੇ ਹੀ ਵੋਟਾਂ ਦੇ ਨਾਂ 'ਤੇ ਦਲਿਤਾਂ ਦਾ ਸ਼ੋਸ਼ਣ ਨਹੀਂ ਕਰਦੇ ਸਗੋਂ ਦਲਿਤ ਵਰਗ ਵਿਚੋਂ ਬਣੇ ਦਲਿਤਾਂ ਦੇ ਲੀਡਰ ਵੀ ਥੁੜੇ-ਟੁੱਟੇ ਦਲਿਤਾਂ ਦਾ ਸ਼ੋਸ਼ਣ ਕਰਦੇ ਹਨ। ਰਾਜਨੀਤਿਕ ਲੀਡਰ ਤੇ ਧਰਮ ਦੇ ਆਖੌਤੀ ਠੇਕੇਦਾਰ ਆਮ ਲੋਕਾਂ ਨੂੰ ਸਿਆਸੀ ਸੱਤਾ ਹਥਿਆਉਣ ਲਈ ਵਰਤਦੇ ਹਨ। 'ਸੰਸਾਰੀ' ਕਹਾਣੀ ਵਿਚ ਕੜਿਆਲਵੀ ਅਜਿਹੀਆਂ ਹੀ ਘਟਨਾਵਾਂ ਦਾ ਬਿਰਤਾਂਤੀਕਰਨ ਕਰਦਾ ਹੈ ਜਿਹੜੀਆਂ ਆਮ ਲੋਕਾਂ ਦੇ ਸ਼ੋਸ਼ਣ ਦਾ ਗਵਾਹ ਬਣਦੀਆਂ ਹਨ। ਸੰਸਾਰੀ ਇਸ ਕਹਾਣੀ ਦਾ ਮੁੱਖ ਪਾਤਰ ਹੈ ਜੋ ਆਰਥਿਕ ਤੰਗੀਆਂ-ਤੁਰਸ਼ੀਆਂ ਅਤੇ ਸਮਾਜਿਕ ਜਾਤੀ-ਪਾਤੀ ਕਲੇਸ਼ਾਂ ਕਾਰਨ ਆਪਣਾ ਮਾਨਸਿਕ ਸੰਤੁਲਣ ਖੋਹ ਬੈਠਦਾ ਹੈ। ਉਹ ਬੇਸਹਾਰਾ ਸੜਕਾਂ 'ਤੇ ਮੰਗ ਕੇ ਪੇਟ ਭਰਦਾ ਹੈ। ਜਿਉਂਦੇ ਜੀਅ ਉਸ ਨੂੰ ਕੋਈ ਪੁਛਦਾ ਨਹੀਂ ਪਰ ਜਦੋਂ ਉਹ ਮਰ ਜਾਂਦਾ ਹੈ ਤਾਂ ਹਰ ਧਰਮ ਦੇ ਆਖੌਤੀ ਠੇਕੇਦਾਰ ਤੇ ਰਾਜਨੀਤਿਕ ਲੀਡਰ ਉਸ ਦੀ ਮੁਰਦਾ ਦੇਹ 'ਤੇ ਸਿਆਸਤ ਕਰਦੇ ਹਨ ਅਤੇ ਹਰ ਤਰ੍ਹਾਂ ਦਾ ਆਰਥਿਕ ਤੇ ਸਿਆਸੀ ਲਾਹਾ ਲੈਂਦੇ ਹਨ। ਸੰਸਾਰੀ ਅਸਲ ਵਿਚ ਆਮ ਗ਼ਰੀਬ ਲੋਕਾਂ ਦਾ ਚਿਹਨ ਹੈ। ਆਮ ਲੋਕ ਭਾਰਤ ਦੇ ਆਖੌਤੀ ਲੋਕਤੰਤਰ ਤੇ ਭ੍ਰਿਸ਼ਟ ਪ੍ਰਬੰਧ ਵਿਚ ਸੰਸਾਰੀ ਵਾਂਗ ਰੁਲ ਰਹੇ ਹਨ। ਇਹ ਆਰਥਿਕ ਥੁੜਾਂ-ਟੁੱਟਾਂ ਕਾਰਨ ਅਤੇ ਚੇਤਨਾ ਦੀ ਘਾਟ ਕਾਰਨ ਸਿਆਸੀ ਨੇਤਾਵਾਂ ਤੇ ਧਰਮ ਦੇ ਠੇਕੇਦਾਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ।

"ਸਾਰੰਗੀ ਦੀ ਮੌਤ" ਕਹਾਣੀ ਵੀ ਅਜਿਹੇ ਹੀ ਥੁੜਾਂ ਮਾਰੇ ਦਲਿਤ ਪਾਤਰ ਪੀਰੂ ਦੇ ਜੀਵਨ ਯਥਾਰਥ ਨੂੰ ਕਲਾਤਮਿਕਤਾ ਨਾਲ ਪੇਸ਼ ਕਰਦੀ ਹੈ। ਪੀਰੂ ਦੀ ਗ਼ਰੀਬੀ ਵਿਚ ਵੀ ਸੱਚੀ-ਸੁੱਚੀ ਕਲਾ ਪ੍ਰਤੀ ਪ੍ਰਤੀਬੱਧ ਹੈ। ਉਹ ਮੇਲਿਆਂ ਵਿਚ ਆਪਣੇ ਸਾਥੀਆਂ ਸਮੇਤ ਪੰਜਾਬੀ ਲੋਕ ਕਾਵਿ-ਬਿਰਤਾਂਤਾਂ-ਧਰੂ ਭਗਤ, ਸ਼ਾਹਣੀ ਕੌਲਾਂ, ਦਾਹੂਦ ਬਾਦਸ਼ਾਹ, ਸ਼ਾਮੋਨਾਰ, ਰੂਪ ਬਸੰਤ, ਪੂਰਨ ਭਗਤ ਆਦਿ ਨੂੰ ਸਾਰੰਗੀ ਵਜਾ ਕੇ ਗਾਉਂਦਾ ਹੈ। ਭਰੇ ਮੇਲੇ ਵਿਚ ਉਸ ਦੇ ਪਿੰਡ ਦਾ ਸਰਦਾਰ ਬਘੇਲ ਸਿੰਘ ਨੋਟਾਂ ਦੀ ਗੁੱਟੀ ਸੁੱਟ ਕੇ ਪੀਰੂ ਨੂੰ ਮਿਰਜ਼ਾ ਸੁਣਾਉਣ ਲਈ ਕਹਿੰਦਾ ਹੈ। ਪਰ ਪੀਰੂ ਮਿਰਜ਼ੇ ਨੂੰ ਸੱਚਾ ਆਸ਼ਕ ਨਹੀਂ ਮੰਨਦਾ ਇਸ ਲਈ ਉਹ ਮਿਰਜ਼ਾ ਗਾਉਣ ਤੋਂ ਹੀ ਇਨਕਾਰ ਨਹੀਂ ਕਰਦਾ ਸਗੋਂ ਨੋਟ ਸਰਦਾਰ ਵੱਲ ਵਗਾ ਮਾਰਦਾ ਹੈ। ਸਰਦਾਰ ਇਸ ਵਿਚ ਆਪਣੀ ਹੇਠੀ ਮੰਨਦਾ ਹੈ ਜਿਸ ਕਾਰਨ ਸਰਦਾਰ ਉਸ ਨੂੰ ਝੂਠਾ ਕੇਸ ਪਵਾ ਕੇ ਪੁਲਿਸ ਤੋਂ ਏਨਾ ਕੁਟਵਾਉਂਦਾ ਹੈ ਕਿ ਉਹ ਦੁਬਾਰਾ ਸਾਰੰਗੀ ਨਾ ਵਜਾ ਸਕੇ। ਪਰ ਪੀਰੂ ਦੇ ਹੌਂਸਲੇ ਉਸ ਦੇ ਅੰਦਰਲੀ ਕਲਾ ਦੀ ਕਦਰ ਕਾਰਨ ਬੁਲੰਦ ਰਹਿੰਦੇ ਹਨ। ਦੁਖਾਂਤ ਉਦੋਂ ਵਾਪਰਦਾ ਹੈ ਜਦੋਂ ਪੀਰੂ ਦਾ ਮੁੰਡਾ ਸਰਦਾਰਾਂ ਦੇ ਕਹਿਣ 'ਤੇ ਮੇਲੇ ਵਿਚ ਮਿਰਜ਼ਾ ਤੇ ਹੋਰ ਗੰਦਮੰਦ ਗਾਉਣ ਲੱਗ ਜਾਂਦਾ ਹੈ। ਪੀਰੂ ਇਸ ਨੂੰ ਸਰਦਾਰਾਂ ਤੋਂ ਹੋਈ ਆਪਣੀ ਹਾਰ ਸਮਝਦਾ ਹੈ ਤੇ ਨਮੋਸ਼ੀ ਕਾਰਣ ਕੁਝ ਹੀ ਦਿਨਾਂ ਵਿਚ ਪ੍ਰਾਣ ਤਿਆਗ ਦਿੰਦਾ ਹੈ। ਇਉਂ 'ਸਾਰੰਗੀ ਦੀ ਮੌਤ' ਕਹਾਣੀ ਕਲਾ ਦੀ ਆਜ਼ਾਦੀ ਤੇ ਸਭਿਅਕ ਅਭਿਵਿਅਕਤੀ ਦੀ ਸਮੱਸਿਆ ਨਾਲ ਸੰਬੰਧਿਤ ਹੈ।....ਕੜਿਆਲਵੀ ਇਸ

ਕਹਾਣੀ ਰਾਹੀਂ ਆਧੁਨਿਕ ਯੁੱਗ ਵਿਚ ਕਲਾ ਦੇ ਪੱਖੋਂ ਡਿਗਦੇ ਮਿਆਰ ਤੇ ਕਲਾ ਦੇ ਤਜਾਰਤੀਕਰਨ ਦੀ ਪੇਸ਼ਕਾਰੀ ਕਰਦਾ ਹੈ।' ਪੀਰੂ ਵਰਗਾ ਮਹਾਨ ਕਲਾਕਾਰ ਨੀਵੀਂ ਜਾਤ ਅਤੇ ਮਾੜੀ ਆਰਥਿਕਤਾ ਕਰਕੇ ਹੀ ਸਰਮਾਏਦਾਰਾਂ ਦੇ ਤਸ਼ੱਦਤ ਦਾ ਸ਼ਿਕਾਰ ਹੁੰਦਾ ਹੈ ਪਰ ਉਹ ਆਪਣੇ ਅੰਦਰਲੇ ਕਲਾਕਾਰ ਨੂੰ ਆਖਰੀ ਦਮ ਤੱਕ ਮਰਨ ਨਹੀਂ ਦਿੰਦਾ। 'ਸਾਰੰਗੀ ਦੀ ਮੌਤ' ਅਸਲ ਵਿਚ ਪੰਜਾਬੀ ਸਮਾਜਚਾਰੇ ਵਿਚਲੀਆਂ ਭਾਈਚਾਰਕ ਸਾਂਝਾਂ ਅਤੇ ਲੋਕ-ਕਲਾ ਪ੍ਰਤੀ ਘਟਦੀ ਰੁਚੀ ਦਾ ਚਿਹਨ ਹੈ।

**'ਚੀਰਹਰਨ'** ਕਹਾਣੀ ਦੀ ਪਾਤਰ ਦ੍ਰੋਪਤੀ ਵੀ ਦਲਿਤ ਪਰਿਵਾਰ ਵਿਚ ਪੈਦਾ ਹੋਣ ਕਾਰਨ ਅਤੇ ਅੱਤ ਦੀ ਗ਼ਰੀਬੀ ਕਾਰਨ ਕਸ਼ਟ ਭੋਗਦੀ ਹੈ। ਦ੍ਰੋਪਤੀ ਵਿਆਹ-ਸ਼ਾਦੀਆਂ ਵਿਚ ਨੱਚ ਕੇ ਆਪਣੇ ਘਰ ਦਾ ਗੁਜ਼ਾਰਾ ਕਰਨ ਲਈ ਮਜ਼ਬੂਰ ਹੈ। ਗੁਰਮੇਲ ਵਰਗੇ ਸੂਝਵਾਨ ਪਾਤਰ ਉਸ ਦੀ ਕਲਾ ਦੀ ਕਦਰ ਕਰਦੇ ਹਨ ਪਰ ਕ੍ਰਿਸ਼ਨ ਵਰਗੇ ਅਮੀਰਜਾਦੇ ਉਸ ਨਾਲ ਅਸ਼ਲੀਲ ਹਰਕਤਾਂ ਕਰਦੇ ਹਨ ਅਤੇ ਉਸ ਨੂੰ ਭੋਗਣ ਲਈ ਪੈਸਿਆਂ ਦੀ ਪੇਸ਼ਕਸ਼ ਕਰਦੇ ਹਨ। ਪਰ ਦ੍ਰੋਪਤੀ ਅਜਿਹੇ ਕੁੱਤਖਾਨੇ ਤੋਂ ਇਨਕਾਰੀ ਹੈ। ਜਦੋਂ ਕ੍ਰਿਸ਼ਨ ਉਸ ਨਾਲ ਭਰੀ ਮਹਿਫ਼ਲ ਵਿਚ ਜ਼ਬਰਦਸਤੀ ਕਰਦਾ ਹੈ ਤਾਂ ਦ੍ਰੋਪਤੀ ਕਸ ਕੇ ਉਸਦੇ ਚਪੇੜ ਮਾਰਦੀ ਹੈ। ਇਹ ਚਪੇੜ ਹੀ ਕਹਾਣੀ ਵਿਚ ਦਲਿਤ ਔਰਤ ਵਿਚ ਆ ਰਹੀ ਚੇਤਨਾ ਦਾ ਚਿਹਨ ਬਣ ਜਾਂਦੀ ਹੈ। ਕਹਾਣੀਕਾਰ ਇਸ ਘਟਨਾ ਦਾ ਇਤਿਹਾਸਕ-ਮਿਥਿਹਾਸਕ ਪ੍ਰਸੰਗ ਸਿਰਜਣ ਲਈ ਮਿਥਿਹਾਸਕ ਪਾਤਰ ਦ੍ਰੋਪਤੀ ਦੇ ਚੀਰਹਰਨ ਦਾ ਉਪ-ਬਿਰਤਾਂਤ ਸਿਰਜਦਾ ਹੈ। ਲੋਕ-ਬਿਰਤਾਂਤ ਮਹਾਂ-ਭਾਰਤ ਵਿਚ ਜਦੋਂ ਦਰਯੋਧਨ ਭਰੀ ਸਭਾ ਵਿਚ ਦ੍ਰੋਪਤੀ ਦਾ ਚੀਰਹਰਨ ਕਰਦਾ ਹੈ ਤਾਂ ਉਸ ਦੀ ਰੱਖਿਆ ਕ੍ਰਿਸ਼ਨ ਮਹਾਰਾਜ ਕਰਦਾ ਹੈ ਪਰ ਆਧੁਨਿਕ ਸਮਿਆਂ ਵਿਚ ਖੁਦ ਕ੍ਰਿਸ਼ਨ ਹੀ ਦ੍ਰੋਪਤੀ ਦਾ ਚੀਰਹਰਨ ਕਰਨਾ ਚਾਹੁੰਦਾ ਹੈ। ਕਹਾਣੀ ਇਹ ਅਰਥ-ਸੰਚਾਰ ਕਰਦੀ ਹੈ ਕਿ ਆਧੁਨਿਕ ਸਮੇਂ ਵਿਚ ਖੁਦ ਦ੍ਰੋਪਤੀ ਨੂੰ ਹੀ ਚੰਡੀ ਦਾ ਰੂਪ ਧਾਰਨਾ ਪਵੇਗਾ ਤਾਂ ਹੀ ਉਹ ਆਪਣੀ ਰੱਖਿਆ ਆਪ ਕਰ ਸਕਦੀ ਹੈ। ਇਸ ਪਰਿਪੇਖ ਵਿਚ ਇਹ ਕਹਾਣੀ ਦਲਿਤ ਔਰਤ ਵਿਚ ਆ ਰਹੀ ਸਵੈਚੇਤਨਾ ਦਾ ਕ੍ਰਾਂਤੀਕਾਰੀ ਬਿਰਤਾਂਤ ਹੋ ਨਿਬੜਦੀ ਹੈ।

ਇਉਂ **'ਊਣੇ'** ਕਥਾ-ਸੰਗ੍ਰਹਿ ਦੇ ਪਾਤਰਾਂ ਦਾ ਇਹ ਵਰਗ ਭਾਵੇਂ ਆਪਣੀ ਇਤਿਹਾਸਕ ਵਿਕਾਸ ਪ੍ਰਕਿਰਿਆ ਦੇ ਮੁਢਲੇ ਦੌਰ ਵਿਚ ਅਤਿ ਦੁਖਾਂਤਕ ਜਾਤੀ-ਪਾਤੀ ਵਿਤਕ੍ਰਿਆਂ ਅਤੇ ਅਮਾਨਵੀ ਵਿਵਹਾਰ ਦਾ ਸ਼ਿਕਾਰ ਹੋਣ ਦੇ ਬਾਵਜੂਦ ਵਿਦਰੋਹ ਨਹੀਂ ਕਰਦਾ। ਪਰ ਆਧੁਨਿਕ ਸਮਿਆਂ ਵਿਚ ਉਹ ਆਪਣੇ ਸਵੈਮਾਨ ਨੂੰ ਤਲਾਸ਼ ਰਿਹਾ ਹੈ। ਬੇਸ਼ਕ ਇਹ ਪਾਤਰ ਆਰਥਿਕ ਵਸੀਲਿਆਂ ਪੱਖੋਂ ਅਤੇ ਚੇਤਨਾ ਵੱਲੋਂ ਊਣੇ ਹਨ ਪਰ ਖ਼ਾਲੀ ਨਹੀਂ ਹਨ। ਊਣੇ ਦੇ ਭਰੇ ਜਾਣ ਦੀ ਸੰਭਾਵਨਾ ਬਾਕੀ ਹੈ। ਇਹ ਭਰੇ ਜਾਣ ਦੀ ਧੁਨੀ ਹੀ ਹੈ ਜੋ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਦੀ ਮੂਲ ਪਛਾਣ ਬਣਦੀ ਹੈ।

ਇਸ ਕਥਾ-ਸੰਗ੍ਰਹਿ ਦੇ ਪਾਤਰਾਂ ਦਾ ਅਗਲਾ ਵਰਗ ਉਨ੍ਹਾਂ ਪਾਤਰਾਂ ਦਾ ਬਣਦਾ ਹੈ ਜਿਹੜੇ ਪੈਦਾ ਤਾਂ ਆਖੌਤੀ-ਉਚ ਜਾਤੀ ਵਿਚ ਹੋਏ ਹਨ ਪਰ ਆਰਥਿਕ ਥੁੜ੍ਹਾਂ-ਟੁੱਟਾਂ ਕਾਰਨ ਸਰੀਰਕ ਤੇ ਮਾਨਸਿਕ ਕਸ਼ਟ ਭੋਗਣ ਲਈ ਮਜ਼ਬੂਰ ਹਨ। ਇਨ੍ਹਾਂ ਥੁੜ੍ਹਾਂ-ਟੁੱਟਾਂ ਦੇ ਮੱਕੜ ਜਾਲ ਵਿਚ ਫਸਿਆ ਹੋਇਆ **'ਊਣੇ'** ਕਹਾਣੀ ਦਾ ਪਾਤਰ ਧਰਮ ਸਿੰਘ ਹੈ। ਧਰਮ ਸਿੰਘ ਪੀੜ੍ਹੀਆਂ ਤੋਂ ਵੰਡੀ ਜਾ ਰਹੀ ਪਰਿਵਾਰਕ ਜ਼ਮੀਨ ਕਾਰਨ ਛੋਟੀ ਕਿਸਾਨੀ ਦੀ ਪੱਧਰ 'ਤੇ ਆ ਕੇ 'ਧਰਮ

ਸਿੰਘ' ਤੋਂ 'ਧਰਮੂ' ਤੱਕ ਘਟ ਜਾਂਦਾ ਹੈ। ਆਰਥਿਕ ਤੰਗੀਆਂ-ਤੁਰਸ਼ੀਆਂ ਅਤੇ ਵਧੀਆਂ ਖੇਤੀ-ਲਾਗਤਾਂ ਨੇ ਧਰਮੂ ਨੂੰ ਅਤਿ ਦੁਖਾਂਤਕ ਸਥਿਤੀਆਂ ਵਿਚ ਪਾ ਦਿੱਤਾ ਹੈ, ਜਿਥੇ ਉਸ ਨੂੰ ਆਪਣੇ ਪਰਿਵਾਰਕ ਗੁਜ਼ਾਰੇ ਲਈ ਪੈਸੇ ਉਧਾਰ ਹੀ ਨਹੀਂ ਫੜਨੇ ਪੈਂਦੇ ਸਗੋਂ ਕਰਜ਼ਈ ਵੀ ਹੋਣਾ ਪੈਂਦਾ ਹੈ।ਆਰਥਿਕ ਥੁੜ੍ਹਾਂ ਦੀਆਂ ਵਿਕਰਾਲ ਸਥਿਤੀਆਂ ਦੀ ਗਰਿਫ਼ਤ ਵਿਚ ਆਇਆ ਧਰਮੂ ਆਪਣੇ ਆਪ ਨੂੰ ਆਖਦਾ ਹੈ:

> "ਸਾਲਿਆ, ਇਹਨਾਂ ਪੂਰਬੀਆਂ (ਭਈਆਂ) ਦਾ ਰਹਿਣ-ਸਹਿਣ ਪਰਖਦੈਂ, ਆਪ ਕਿਹੜਾ ਮਹਿਲਾਂ-ਅਟਾਰੀਆਂ ਵਿਚ ਨਿਵਾਸ ਕਰਦੈਂ। ਤੂੰ ਤਾਂ ਇਹਨਾਂ ਤੋਂ ਵੀ ਗਿਆ-ਗੁਜ਼ਰਿਆ ਐਂ। ਬੱਸ ਨਾਂ ਨੂੰ ਈ ਜੱਟ ਏਂ। ਤੇਰੇ ਨਾਲੋਂ ਤਾਂ ਫੇਰ ਵੀ ਚੰਗੇ ਨੇ ਇਹ। ਕਿਸੇ ਦੇ ਖੇਤਾਂ ਵਿਚ ਦਿਹਾੜੀ ਕਰ ਕੇ ਤਾਂ ਟੈਮ ਪਾਸ ਕਰੀ ਜਾਂਦੇ ਐ। ਤੂੰ ਤਾਂ ਇਹ ਵੀ ਨ੍ਹੀਂ ਕਰ ਸਕਦਾ।ਆਵਦੀ ਜ਼ਮੀਨ ਨਾਲ ਗੁਜ਼ਾਰਾ ਹੁੰਦਾ ਨ੍ਹੀਂ, ਜੱਟ ਪੁਣੇ ਦੀ ਸ਼ਰਮ ਦੂਜੇ ਦੇ ਖੇਤੀ ਕੰਮ ਕਰਨ ਜਾਣ ਦਿੰਦੀ ਨ੍ਹੀਂ।ਬੁਰੇ ਹਾਲ, ਬੌਂਕੇ ਦਿਹਾੜੇ।" (ਉਹੀ, ਪੰਨਾ-21)

ਇਉਂ ਛੋਟੀ ਕਿਸਾਨੀ ਦੀ ਹਾਲਤ ਮਜ਼ਦੂਰ ਵਰਗ ਵਿਚ ਵਟ ਜਾਣ ਦੀ ਬਣ ਗਈ ਹੈ।ਪਰ ਉਸ ਦਾ ਦੁਖਾਂਤ ਇਹ ਹੈ ਕਿ ਜੱਟਪੁਣੇ ਦੀ ਹੈਂਕੜ ਉਹਨਾਂ ਨੂੰ ਪ੍ਰਾਪਤ ਯਥਾਰਥ ਨੂੰ ਸਵੀਕਾਰ ਕਰਨ ਨਹੀਂ ਦਿੰਦੀ। ਇਸ ਕਹਾਣੀ ਵਿਚ ਨਿਮਨ-ਕਿਸਾਨੀ ਦੀ ਟੁੱਟੀ-ਬਿਖਰੀ ਆਰਥਿਕਤਾ ਦਾ ਵਿਕਰਾਲ ਰੂਪ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਧਰਮੂ ਨਾਲ ਸੀਰੀ ਰਲਿਆ ਮਹੇਂਦਰ ਉਸ ਤੋਂ ਦੋ ਹਜ਼ਾਰ ਰੁਪਏ ਅਡਵਾਂਸ ਮੰਗਦਾ ਹੈ ਤਾਂ ਕਿ ਉਹ ਆਪਣੀ ਭੈਣ ਦਾ ਵਿਆਹ ਕਰ ਸਕੇ। ਪਰ ਧਰਮੂ ਤਾਂ ਆਪ ਆਪਣੀ ਧੀ ਦੇ ਵਿਆਹ 'ਤੇ ਮਹੇਂਦਰ ਦਾ ਦੋ ਹਜ਼ਾਰ ਵਰਤਣਾ ਚਾਹੁੰਦਾ ਹੈ। ਧਰਮੂ ਆਖਦਾ ਹੈ:

> "ਮਹੇਂਦਰਾ, ਸੌਹਰੇ ਦੋ ਹਜ਼ਾਰ ਦਾ ਕੀ ਸੀ। ਭਮੇਂ ਜਿੰਨੇ ਮਰਜ਼ੀ ਲੈ ਲੈਂਦਾ। ਪਰ ਘਰ ਦੀ ਹਾਲ-ਚਾਲ ਦਾ ਤਾਂ ਤੈਨੂੰ ਵੀ ਚੰਗੀ ਤਰ੍ਹਾਂ ਪਤਾ ਐ। ਸਹੁਰੀਆਂ ਖੁੰਡਾਂ ਈ ਬਾਹਲੀਆਂ ਨੇ ਭਰਨ ਗੋਚਰੀਆਂ। ਨਾਲੇ ਆਪਣੀ ਜੀਤੀ ਦਾ ਵਿਆਹ ਪੱਕਾ ਹੋਇਐ ਐ ਹਾੜ੍ਹ ਦਾ। ਮੈਂ ਤਾਂ ਸੋਚਦਾ ਸੀ, ਮਹੇਂਦਰ ਨੂੰ ਕਹੂੰ, ਐਤਕੀਂ ਦੇ ਸਾਲ ਦੋ ਹਜ਼ਾਰ ਤੇਰਾ ਮੈਂ ਵਰਤਣੈਂ।" (ਉਹੀ, ਪੰਨਾ-34)

ਇਉਂ ਇਹ ਪਾਤਰ ਆਰਥਿਕ ਥੁੜਾਂ-ਟੁੱਟਾਂ ਕਾਰਨ ਅਜਿਹੀ ਪੱਧਰ 'ਤੇ ਵਿਚਰਦੇ ਹਨ ਕਿ ਮਜ਼ਦੂਰ ਭਈਆ ਮਹੇਂਦਰ ਆਪਣੀ ਭੈਣ ਦੇ ਵਿਆਹ ਲਈ ਧਰਮੂ ਤੋਂ ਆਰਥਿਕ ਮਦਦ ਮੰਗਦਾ ਹੈ ਤੇ ਧਰਮੂ ਧੀ ਦੇ ਵਿਆਹ ਲਈ ਮਹੇਂਦਰ ਤੋਂ ਆਰਥਿਕ ਮਦਦ ਮੰਗਣ ਲਈ ਮਜ਼ਬੂਰ ਹੋ ਜਾਂਦਾ ਹੈ। ਇਹ ਪਾਤਰ ਆਰਥਿਕ ਊਣੇਪਣ ਕਾਰਨ ਅਤਿ ਦੀਆਂ ਦੁਖਾਂਤਿਕ ਸਥਿਤੀਆਂ ਵਿਚੋਂ ਗੁਰਦੇ ਹਨ। ਇਹ ਕਹਾਣੀ ਪੰਜਾਬ ਦੀ ਛੋਟੀ ਕਿਸਾਨੀ ਦੀ ਨਿਘਰ ਰਹੀ ਆਰਥਿਕ ਹਾਲਤ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ।

ਆਰਥਿਕ ਥੁੜਾਂ-ਟੁੱਟਾਂ ਕਾਰਨ ਹੀ **'ਕੋਈ ਹੋਰ ਗੱਲ ਸੁਣਾ'** ਦਾ ਨਿਮਨ ਕਿਸਾਨ ਪਾਤਰ ਹਰਿੰਦਰ ਆਪਣੀ ਪ੍ਰੇਮਿਕਾ ਮਨਜੀਤ ਨਾਲ ਵਿਆਹ ਨਹੀਂ ਕਰਾ ਸਕਿਆ। ਮਨਜੀਤ ਦੇ ਅਮੀਰ ਮਾਪਿਆਂ ਨੇ ਕਰਜ਼ੇ 'ਚ ਡੁੱਬੇ ਕੰਗਾਲ ਹਰਿੰਦਰ ਨੂੰ ਰਿਸ਼ਤਾ ਨਹੀਂ ਸੀ ਕੀਤਾ। ਜਦੋਂ ਹਰਿੰਦਰ ਇਸ ਕੰਗਾਲੀ 'ਚੋਂ ਉਭਰਨ ਲਈ ਸਖਤ ਮਿਹਨਤ ਕਰਕੇ ਪੀ.ਸੀ.ਐਸ. ਦਾ ਟੈਸਟ

ਪਾਸ ਕਰਦਾ ਹੈ ਤਾਂ ਉਦੋਂ ਨੂੰ ਉਸ ਦਾ ਪਿਆਰ ਉਸ ਕੋਲੋਂ ਖੁਸ ਜਾਂਦਾ ਹੈ। ਇਉਂ ਇਹ ਪਾਤਰ ਪਹਿਲਾਂ ਆਰਥਿਕ ਪੱਖੋਂ ਊਣਾ ਸੀ ਤਾਂ ਪਿਆਰ ਵੱਲੋਂ ਪੂਰਾ ਸੀ। ਜੇ ਹੁਣ ਆਰਥਿਕ ਪੱਖੋਂ ਪੂਰਾ ਹੋ ਗਿਆ ਹੈ ਤਾਂ ਪਿਆਰ ਵੱਲੋਂ ਊਣਾ ਰਹਿ ਗਿਆ। ਇਹ ਊਣੇ ਤੋਂ ਸੰਪੂਰਨ ਤੇ ਸੰਪੂਰਨ ਤੋਂ ਊਣੇ ਹੋਣ ਦਾ ਸੰਤਾਪ ਹੀ ਕਹਾਣੀ ਦਾ ਯਥਾਰਥਕ ਵਿਵੇਕ ਬਣ ਕੇ ਉਭਰਦਾ ਹੈ। ਕਹਾਣੀ ਇਹ ਅਰਥ-ਸੰਚਾਰ ਕਰਦੀ ਹੈ ਕਿ ਸਧਾਰਨ ਬੰਦਾ ਹਮੇਸ਼ਾ ਕਿਸੇ ਨਾ ਕਿਸੇ ਪਾਸਿਓਂ ਊਣਾ ਰਹਿੰਦਾ ਹੈ ਇਹੀ ਉਸ ਦੀ ਹੋਂਦ ਤੇ ਹੋਣੀ ਹੈ।

'ਇੱਜ਼ਤਦਾਰ' ਕਹਾਣੀ ਦੇ ਪਾਤਰ ਵੀ ਆਰਥਿਕ ਤੌਰ 'ਤੇ ਸੰਪੰਨ ਹਨ ਪਰ ਪਰਿਵਾਰਕ ਰਿਸ਼ਤਿਆਂ ਦੇ ਮੋਹ ਤੇ ਇੱਜ਼ਤ ਤੋਂ ਊਣੇ ਰਹਿ ਗਏ ਹਨ। ਇਹ ਕਹਾਣੀ ਇਨ੍ਹਾਂ ਊਣੇ ਪਾਤਰਾਂ ਰਾਹੀਂ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਆਏ ਨਿਘਾਰ ਦਾ ਬਿਰਤਾਂਤਕ ਪ੍ਰਵਚਨ ਹੀ ਨਹੀਂ ਸਿਰਜਦੀ ਸਗੋਂ ਆਧੁਨਿਕ ਔਰਤ ਵਿਚ ਆ ਰਹੀ ਅਸਤਿਤਵੀ ਚੇਤਨਾ ਦਾ ਵਾਹਣ ਵੀ ਬਣਦੀ ਹੈ। ਨਵੀਂ ਸੋਚ ਨਾਲ ਪ੍ਰਨਾਈਆਂ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਅਣਪੜ੍ਹ ਪਰ ਜ਼ਮੀਨ ਦੇ ਮਾਲਕ ਮੁੰਡਿਆਂ ਨਾਲ ਵਿਆਹ ਦੇਣ ਨਾਲ ਜਿਹੜੇ ਸੰਕਟ ਪੈਦਾ ਹੁੰਦੇ ਹਨ ਉਹ ਇਸ ਕਹਾਣੀ ਦੇ ਕੇਂਦਰ ਵਿਚ ਹਨ। ਕਲਾਤਮਿਕ ਦ੍ਰਿਸ਼ਟੀ ਤੋਂ ਇਹ ਕਹਾਣੀ ਬੜੀ ਸ਼ਕਤੀਸ਼ਾਲੀ ਹੈ। ਇਹ ਖੁੱਲ੍ਹੇ ਅੰਤ ਵਾਲੀ ਹੈ। ਇਹ ਪ੍ਰਸ਼ਨ ਖੜ੍ਹੇ ਕਰਦੀ ਹੈ ਪਰ ਉੱਤਰ ਨਹੀਂ ਦਿੰਦੀ। ਕਹੇ ਨਾਲੋਂ ਅਣਕਿਹਾ ਜ਼ਿਆਦਾ ਮਹੱਤਵਪੂਰਨ ਹੈ। ਪਾਠਕ ਨੂੰ ਪ੍ਰਸ਼ਨਾਂ ਦੇ ਉਤਰ ਤਲਾਸ਼ਣ ਦੀ ਕਿਰਿਆ ਵਿਚ ਪਾ ਦੇਣ ਵਿਚ ਹੀ ਇਸ ਕਹਾਣੀ ਦੀ ਸਾਰਥਿਕਤਾ ਨਜ਼ਰ ਆਉਂਦੀ ਹੈ।

ਇਉਂ 'ਊਣੇ' ਕਥਾ-ਸੰਗ੍ਰਹਿ ਦੇ ਪਾਤਰ ਭਾਵੇਂ ਉਹ ਕਿਸੇ ਵੀ ਜਾਤੀ ਜਾਂ ਵਰਗ ਨਾਲ ਸੰਬੰਧਤ ਹੋਣ ਉਹ ਕਿਸੇ ਨਾ ਕਿਸੇ ਪੱਖੋਂ ਊਣੇ ਰਹਿਣ ਕਾਰਨ ਸਰੀਰਕ ਜਾਂ ਮਾਨਸਿਕ ਸੰਕਟ ਭੋਗਦੇ ਹਨ। ਇਹ ਕਹਾਣੀਕਾਰ ਦਾ ਵਿਸ਼ਵ ਦ੍ਰਿਸ਼ਟੀਕੋਣ ਹੀ ਹੈ ਕਿ ਇਹ ਪਾਤਰ ਜ਼ਿੰਦਗੀ ਦੇ ਹਰ ਪੱਧਰ 'ਤੇ ਸਾਵੇਂ ਹੋਣ ਲਈ ਸੰਘਰਸ਼ ਕਰਦੇ ਹਨ, ਹਾਰਦੇ ਹਨ ਪਰ ਆਸ ਨਹੀਂ ਛੱਡਦੇ। ਇਹ ਕਹਾਣੀਕਾਰ ਦੀ ਸਮਾਜਿਕ ਪ੍ਰਤੀਬੱਧਤਾ ਹੀ ਹੈ ਕਿ ਉਹ ਆਪਣੇ ਪਾਤਰਾਂ ਨੂੰ ਨਿਰਾਸ਼ ਨਹੀਂ ਹੋਣ ਦਿੰਦਾ ਸਗੋਂ ਹੋਰ ਸੰਘਰਸ਼/ਜਤਨ ਕਰਨ ਦੀ ਪ੍ਰਕਿਰਿਆ ਵਿਚ ਪਾ ਦਿੰਦਾ ਹੈ। 'ਨਮੋਲੀਆਂ' ਕਹਾਣੀ ਦਾ ਪਾਲ ਇਸ ਕਰਕੇ ਨਿਰਾਸ਼ ਹੈ ਕਿ ਉਸ ਨੂੰ ਯੋਗਤਾ ਅਨੁਸਾਰ ਨੌਕਰੀ ਨਹੀਂ ਮਿਲੀ। ਉਸ ਨੂੰ ਨਿਰਾਸ਼ਾ 'ਚੋਂ ਕੱਢਣ ਲਈ ਕੈਨੇਡਾ ਜਾ ਕੇ ਸਖ਼ਤ ਮਿਹਨਤ ਕਰਦੀ ਉਸ ਦੀ ਮਿੱਤਰ ਕੁੜੀ ਜਿੰਦਰ ਆਖਦੀ ਹੈ:

> "ਪਾਲ ਮੈਨੂੰ ਤੇਰੀ ਐਜੂਕੇਸ਼ਨ ਦਾ ਪਤਾ ਐ। ਮੈਂ ਅਕਸਰ ਤੇਰੇ ਬਾਰੇ ਪੁੱਛਦੀ ਰਹਿੰਦੀ ਹਾਂ। ਖ਼ੈਰ ਇਹਦੇ 'ਚ ਨਮੋਸ਼ੀ ਵਾਲੀ ਕਿਹੜੀ ਗੱਲ ਐ। ਬਾਹਰਲੇ ਦੇਸ਼ਾਂ 'ਚ ਕਿਸੇ ਵੀ ਕੰਮ ਨੂੰ ਨਫ਼ਰਤ ਨ੍ਹੀਂ ਕੀਤੀ ਜਾਂਦੀ ਭਾਵੇਂ ਕਲੀਨਿੰਗ ਦਾ ਕੰਮ ਈ ਕਿਉਂ ਨਾ ਹੋਵੇ। ਉਹ ਲੋਕ ਕਹਿੰਦੇ ਨੇ ਜੋ ਕੰਮ ਸਾਨੂੰ ਰੋਟੀ ਦਿੰਦਾ ਹੈ ਉਹ ਮਾੜਾ ਕਿਵੇਂ ਹੋਇਆ।" (ਊਣੇ, ਪੰਨਾ-16)

ਇਉਂ ਇਹ ਕਹਾਣੀਕਾਰ ਦਾ ਉਸਾਰੂ ਦ੍ਰਿਸ਼ਟੀਕੋਣ ਹੀ ਹੈ ਜੋ ਪਾਠਕ ਤੱਕ ਇਹ ਸੰਚਾਰ ਕਰਦਾ ਹੈ ਜੋ ਕਿੱਤਾ ਬੰਦੇ ਦੇ ਜਿਉਣ ਦਾ ਆਧਾਰ ਬਣਦਾ ਹੈ ਉਹ ਉਤਮ ਹੀ ਹੁੰਦਾ ਹੈ। ਜ਼ਿੰਦਗੀ ਜਿਉਣ ਯੋਗ ਹੈ ਝੁਰਣਯੋਗ ਨਹੀਂ।

ਇਸੇ ਤਰ੍ਹਾਂ "ਈਜਵਾ ਤੂੰ ਦੌੜੀ ਚੱਲ...." ਕਹਾਣੀ ਦੀ ਪਾਤਰ ਫਿਲਪ ਈਜਵਾ

ਹਾਰ ਕੇ ਵੀ ਹਾਰਦੀ ਨਹੀਂ। ਬੇਸ਼ਕ ਉਸ ਨਾਲ ਛੋਟੀ ਜਾਤ ਦੀ ਅਤ ਗ਼ਰੀਬ ਹੋਣ ਕਰਕੇ ਅਮਾਨਵੀ ਵਿਵਹਾਰ ਕੀਤਾ ਜਾਂਦਾ ਹੈ। ਉਸਦੀਆਂ ਖੇਡ ਉਪਲਬਧੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਸਮੇਂ ਦੀਆਂ ਸਰਕਾਰਾਂ ਤੇ ਭ੍ਰਿਸ਼ਟ ਅਫ਼ਸਰਸ਼ਾਹੀ ਨੇ ਉਸ ਦੀ ਕਦਰ ਨਹੀਂ ਕੀਤੀ। ਫਿਰ ਵੀ ਉਹ ਵੱਡੀ ਉਮਰ ਦੇ ਬਾਵਜੂਦ ਆਪਣੇ ਦੇਸ਼ ਦੀ ਆਨਸ਼ਾਨ ਲਈ ਦੌੜਦੀ ਹੈ। ਉਹ ਆਖਦੀ ਹੈ ਕਿ ਇਹ ਦੇਸ਼ ਭ੍ਰਿਸ਼ਟ ਲੀਡਰਾਂ ਤੇ ਅਫ਼ਸਰਾਂ ਦਾ ਹੀ ਨਹੀਂ ਉਸ ਦਾ ਵੀ ਹੈ ਇਸ ਲਈ ਉਹ ਆਪਣੇ ਤਿਰੰਗੇ ਦੀ ਸ਼ਾਨ ਲਈ ਦੌੜਦੀ ਰਹੇਗੀ।

'ਊਣੇ' ਕਹਾਣੀ ਦਾ ਪਾਤਰ ਧਰਮੂ ਬੇਸ਼ਕ ਆਰਥਿਕ ਤੰਗੀਆਂ-ਤੁਰਸ਼ੀਆਂ ਵਿਚ ਗਲਤਾਨ ਹੈ। ਕਰਜਾ ਸਿਰ ਏਨਾ ਹੈ ਜਿਹੜਾ ਬਚਦੀ ਜ਼ਮੀਨ ਵਿਚੋਂ ਕੁਝ ਹਿੱਸਾ ਵੇਚ ਕੇ ਹੀ ਲੱਥ ਸਕਦਾ ਹੈ। ਫਿਰ ਵੀ ਉਹ ਮਹੇਂਦਰ ਨੂੰ ਉਸ ਦੀ ਭੈਣ ਦੇ ਵਿਆਹ ਵਾਸਤੇ ਦੋ ਹਜ਼ਾਰ ਦਾ ਪ੍ਰਬੰਧ ਕਰਨ ਦਾ ਭਰੋਸਾ ਦਿੰਦਾ ਆਖਦਾ ਹੈ:

> "ਖ਼ੈਰ ਤੂੰ ਐਂ ਦਿਲ ਛੋਟਾ ਨਾ ਕਰ। ਮੈਂ ਕੋਸ਼ਟ ਜ਼ਰੂਰ ਕਰੂੰ ਐਧਰੋਂ-ਉਧਰੋਂ ਹੱਥ ਪੱਲਾ ਮਾਰਨ ਦੀ।" (ਊਣੇ, ਪੰਨਾ-34)

**'ਆਫ਼ਤ'** ਕਹਾਣੀ ਦੇ ਕੁਝ ਦਲਿਤ ਪਾਤਰ ਸਰਪੰਚੀ ਦੀ ਚੋਣ ਵਿਚ ਆਪਣੇ ਭਾਈਚਾਰੇ ਨਾਲ ਗ਼ਦਾਰੀ ਕਰਕੇ ਸਰਦਾਰ ਪ੍ਰੀਤਮ ਸਿੰਘ ਦੀ ਮਦਦ ਕਰਦੇ ਹਨ ਤੇ ਉਹ ਸਰਪੰਚੀ ਜਿੱਤ ਜਾਂਦਾ ਹੈ। ਜਦੋਂ ਸਾਰੇ ਜੱਟ ਰਲ ਕੇ ਆਪਣੀ ਜਿੱਤ ਤੇ ਵਿਹੜੇ ਵਾਲਿਆਂ ਦੀ ਹਾਰ ਦੇ ਜਸ਼ਨ ਮਨਾਉਂਦੇ ਹਨ ਤਾਂ ਉਹ ਦਲਿਤ ਪਾਤਰ ਡਾਢੀ ਨਮੋਸ਼ੀ ਮਨਾਉਂਦੇ ਹਨ। ਇਹ 'ਨਮੋਸ਼ੀ' ਹੀ ਦਲਿਤ ਵਰਗ ਵਿਚ ਭਵਿੱਖੀ ਇਕਮੁਠਤਾ ਦਾ ਚਿਹਨ ਬਣ ਦੇ ਉਭਰਦੀ ਹੈ। ਇਸੇ ਕਰਕੇ ਜੱਟ ਪਾਤਰ ਦਰਸ਼ਨ ਮਿੰਬਰ ਜਦੋਂ ਦਲਿਤਾਂ ਦੀ ਹਾਰ ਨੂੰ ਪਿੰਡ 'ਤੇ ਆਈ ਕਿਸੇ ਆਫ਼ਤ ਦੇ ਟਲ ਜਾਣ ਨਾਲ ਤੁਲਨਾ ਦਿੰਦਾ ਹੈ ਤਾਂ ਜੱਟ ਪਾਤਰ ਕੀਨਾ ਆਖਦਾ ਹੈ:

> "ਪਰ ਮਿੰਬਰਾ, ਏਹ ਆਫ਼ਤ ਬਾਹਲਾ ਚਿਰ ਹੁਣ ਟਲ਼ਦੀ ਨੀਂ ਦਿਸਦੀ।" (ਊਣੇ, ਪੰਨਾ-50)

**'ਚੀਰਹਰਨ'** ਕਹਾਣੀ ਦੀ ਪਾਤਰ ਕੁੜੀ ਦ੍ਰੋਪਤੀ ਬੇਸ਼ਕ ਦਲਿਤ ਤੇ ਗ਼ਰੀਬ ਹੋਣ ਕਾਰਨ ਆਖੌਤੀ ਉਚਜਾਤੀ ਦੇ ਮੁੰਡਿਆਂ ਦੁਆਰਾ ਕੀਤੀਆਂ ਜਾਂਦੀਆਂ ਅਸ਼ਲੀਲ ਹਰਕਤਾਂ ਕਰਕੇ ਦੁਖੀ ਹੁੰਦੀ ਹੈ ਪਰ ਮਜ਼ਬੂਰੀ ਵਸ ਉਹ ਇਸ ਨੂੰ ਸਹਿ ਜਾਂਦੀ ਹੈ ਤੇ ਜਦੋਂ ਸਰਮਾਏਦਾਰ ਕ੍ਰਿਸ਼ਨ ਸ਼ਰਾਬ ਦੇ ਨਸ਼ੇ ਵਿਚ ਦ੍ਰੋਪਤੀ ਨੂੰ ਭੋਗਣ ਲਈ ਭਰੀ ਮਹਿਫ਼ਲ ਵਿਚੋਂ ਜ਼ਬਰਦਸਤੀ ਖਿਚਦਾ ਹੈ ਤਾਂ ਦ੍ਰੋਪਤੀ ਉਸ ਦੇ ਖਿੱਚ ਕੇ ਚਪੇੜ ਮਾਰਦੀ ਹੈ। ਇਹ ਚਪੇੜ ਹੀ ਦਲਿਤ ਵਰਗ ਦੀ ਔਰਤ ਦੁਆਰਾ ਸਰਮਾਏਦਾਰਾਂ ਦੀਆਂ ਕੋਝੀਆਂ ਇਛਾਵਾਂ/ਸ਼ੋਸ਼ਣਾਂ ਵਿਰੁੱਧ ਕ੍ਰਾਂਤੀਕਾਰੀ ਸੰਘਰਸ਼ ਦਾ ਚਿਹਨ ਬਣ ਜਾਂਦੀ ਹੈ।

**'ਕੋਈ ਹੋਰ ਗੱਲ ਸੁਣਾ'** ਕਹਾਣੀ ਦਾ ਪਾਤਰ ਹਰਿੰਦਰ ਹਾਰ ਕੇ ਵੀ ਨਹੀਂ ਹਾਰਦਾ। ਆਰਥਿਕ ਸਾਧਨਾਂ ਦੀ ਅਣਹੋਂਦ ਵਿਚ ਗ਼ਰੀਬੀ ਤੇ ਕੰਗਾਲੀ ਕਾਰਨ ਉਹ ਸਰਮਾਏਦਾਰਾਂ ਦੀ ਧੀ ਮਨਜੀਤ ਨਾਲ ਆਪਣਾ ਇਸ਼ਕ ਪ੍ਰਵਾਨ ਨਹੀਂ ਚੜ੍ਹਾ ਸਕਿਆ। ਉਹ ਇਸ਼ਕ ਵਿਚ ਹੋਈ ਹਾਰ ਨੂੰ ਆਪਣੀ ਸ਼ਕਤੀ ਬਣਾਉਂਦਾ ਹੈ। ਮਹਿਬੂਬਾ ਤੋਂ ਵਿਛੜਨ ਦੇ ਗ਼ਮ ਨੂੰ ਭੁਲਾਉਣ ਲਈ ਉਹ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਨੂੰ ਅਪਣਾਉਣ ਦੀ ਬਜਾਏ ਪੁਸਤਕਾਂ ਦੇ ਸਮੁੰਦਰ ਵਿਚ ਗੋਤੇ ਲਾਉਂਦਾ ਹੈ ਤੇ ਪੀ.ਸੀ.ਐਸ. ਕਰਕੇ ਅਫ਼ਸਰ ਬਣ ਜਾਂਦਾ ਹੈ।

ਇਉਂ ਗੁਰਮੀਤ ਕੜਿਆਲਵੀ ਇਸ ਕਥਾ-ਸੰਗ੍ਰਹਿ ਵਿਚ ਅਜਿਹੇ ਪਾਤਰ ਸਿਰਜਦਾ

ਹੈ ਜਿਹੜੇ ਅਤਿ ਦੀਆਂ ਦੁਖਾਂਤਕ ਸਥਿਤੀਆਂ ਵਿਚੋਂ ਗੁਜਰਦੇ, ਥੁੜ੍ਹਾਂ-ਟੁੱਟਾਂ ਨੂੰ ਝੱਲਦੇ ਹਾਰ ਕੇ ਨਹੀਂ ਬਹਿੰਦੇ ਸਗੋਂ ਸੰਘਰਸ਼ ਕਰਦੇ ਹਨ। ਇਹ ਸੰਘਰਸ਼ ਹੀ ਉਨ੍ਹਾਂ ਦੇ ਜ਼ਿੰਦਗੀ ਜਿਉਣ ਦਾ ਆਧਾਰ ਬਣਦਾ ਹੈ। ਹਰ ਕਹਾਣੀ ਦੇ ਆਰੰਭਕ ਦੌਰ ਤੋਂ ਉਸ ਦੇ ਪਾਤਰ ਤਨਾਓ ਵਿਚ ਗੁੱਸੇ ਨਜ਼ਰ ਆਉਂਦੇ ਹਨ ਪਰ ਕਹਾਣੀ ਦੇ ਅੰਤ ਵਿਚ ਆ ਕੇ ਉਹ ਤਨਾਓ ਮੁਕਤ ਹੋ ਜਾਂਦੇ ਹਨ। ਇਹੀ ਊਣੇ ਤੋਂ ਸੰਪੂਰਤਾ ਵੱਲ ਦਾ ਸਫ਼ਰ ਹੈ ਜੋ ਉਸ ਦੀਆਂ ਕਹਾਣੀਆਂ ਵਿਚ ਨਿਹਿਤ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਰਜਨੀਸ਼ ਬਹਾਦਰ ਸਿੰਘ, ਅਜੋਕੀ ਪੰਜਾਬੀ ਕਹਾਣੀ: ਕਥਾ ਪ੍ਰਵਚਨ, ਪੰਨਾ 59.
2. ਡਾ. ਤੇਜ ਸਿੰਘ, ਆਜ ਕਾ ਦਲਿਤ ਸਾਹਿਤ, ਪੰਨਾ 10.
3. ਡਾ. ਰਜਨੀਸ਼ ਬਹਾਦਰ ਸਿੰਘ, ਉਹੀ, ਪੰਨਾ 63.